Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 13-04-2024 • Vol.42 No.15 • Ph. : 0175-2214575, 90410-14575 • Page : 16 | E-mail : khetiduniyan1983@gmail.com




## ਨਰਮੇ ਦੀ ਬਿਜਾਈ ਸਮੇਂ ਧਿਆਨ ਦੇਣ ਯੋਗ ਜ਼ਰੂਰੀ ਨੁਕਤੇ

ਨਰਮੇ ਦੀ ਫਸਲ ਦੀ ਬਿਜਾਈ ਵੇਲੇ ਕੁਝ ਅਹਿਮ ਨੁਕਤੇ ਸਾਡੇ ਕਿਸਾਨ ਵੀਰਾਂ ਨੂੰ ਜ਼ੂਰੁਰ ਧਿਆਨ ਵਿਚ ਰੱਖਣੇ ਚਾਹੀਦੇ ਹਨ ਤਾਂ ਕਿ ਫਸਲ ਦੀ ਬਿਜਾਈ ਸਮੇਂ ਕੋਈ ਵੀ ਊਣਤਾਈ ਨਾ ਰਹਿ ਜਾਵੇ ਜੋ ਕਿ ਫਸਲ ਦੇ ਝਾੜ ਤੇ ਮਾੜਾ ਅਸਰ ਪਾਵੇ। ਇਸ ਲੇਖ ਰਾਹੀਂ ਨਰਮੇ ਦੀ ਫਸਲ ਦੀ ਬਿਜਾਈ ਕਰਨ ਸਮੇਂ ਕੁਝ ਬਹੁਤ ਜ਼ਰੂਰੀ ਨੁਕਤੇ ਸਾਂਝੇ ਕੀਤੇ ਜਾ ਰਹੇ ਹਨ।

**ਬੀਜ ਅਤੇ ਕਿਸਮ ਦੀ ਚੋਣ** : ਕਿਸਾਨ ਵੀਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਹੋਈਆਂ ਕਿਸਮਾਂ ਦੀ ਹੀ ਚੋਣ ਕਰਨ। ਇਹ ਵੀ ਧਿਆਨ ਰੱਖਿਆ ਜਾਵੇ ਕਿ ਬੀਜ ਭਰੋਸੇਯੋਗ ਸੂਤਰ ਤੋਂ ਹੀ ਖਰੀਦਿਆ ਜਾਵੇ। ਕਿਸੇ ਵੀ ਹਾਲਤ ਵਿਚ ਬਾਹਰਲੇ ਰਾਜਾਂ ਤੋਂ ਗੈਰ-ਪ੍ਰਮਾਣਿਤ ਕਿਸਮਾਂ ਦਾ ਬੀਜ ਲਿਆ ਕੇ ਨਾ ਬੀਜਿਆ ਜਾਵੇ ਜੋ ਕਿ ਕੀੜਿਆਂ ਅਤੇ ਬਿਮਾਰੀਆਂ ਨੂੰ ਸੱਦਾ ਦਿੰਦੀਆਂ ਹਨ।

**ਬਿਜਾਈ ਦਾ ਸਮਾਂ** : ਢੁੱਕਵੇਂ ਸਮੇਂ ਨਾਲੋਂ ਅਗੇਤੀ ਅਤੇ ਪਿਛੇਤੀ ਬਿਜਾਈ ਨਰਮੇ ਦਾ ਝਾੜ ਘਟਾ ਦਿੰਦੀ ਹੈ ਅਤੇ ਫਸਲ ਦੇ ਕੀੜੇ ਮਕੌੜਿਆਂ ਦਾ ਹਮਲਾ ਵੀ ਵੱਧ ਹੁੰਦਾ ਹੈ। ਬਿਜਾਈ ਦਾ ਢੁਕਵਾਂ ਸਮਾਂ 1 ਅਪ੍ਰੈਲ ਤੋਂ 15 ਮਈ ਹੈ। ਹਰ ਹਾਲਤ ਵਿਚ ਬਿਜਾਈ 15 ਮਈ ਤੋਂ ਪਹਿਲਾਂ ਕਰੋ। ਪਿਛੇਤੀ ਫਸਲ ਵਿਚ ਲੋਆਂ ਵਗਣ ਕਰਕੇ ਬਹੁਤ ਸਾਰੇ ਪੌਦੇ ਸੜ੍ਹ ਜਾਂਦੇ ਹਨ ਜਿਸ ਕਰਕੇ ਫਸਲ ਵਿਰਲੀ ਹੋ ਜਾਂਦੀ ਹੈ। ਇਹ ਵੇਖਣ ਵਿਚ ਆਇਆ ਹੈ ਕਿ ਪਿਛੇਤੀ ਬਿਜਾਈ ਵਾਲੇ ਖੇਤ ਚਿੱਟੀ ਮੱਖੀ ਦੇ ਹਮਲੇ ਨਾਲ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਫਸਲ ਦੇ ਵਧੀਆ ਜੰਮ ਅਤੇ ਮੁੱਢਲੇ ਵਾਧੇ ਲਈ ਨਹਿਰੀ ਪਾਣੀ ਜਾਂ ਚੰਗੀ ਗੁਣਵੱਤਾ ਵਾਲੇ ਪਾਣੀ ਨਾਲ ਭਰਵੀਂ ਰੌਣੀ ਕਰੋ। ਬੀ. ਟੀ. ਰਹਿਤ ਨਰਮੇਂ ਦੀਆਂ ਕਿਸਮਾਂ (ਐੱਫ 2228, ਐਲ. ਐੱਚ 2108) ਦਾ 3.5 ਕਿਲੋ, ਬੀ. ਟੀ. ਕਿਸਮਾਂ (ਪੀ ਏ ਯੂ ਬੀ ਟੀ 2 ਅਤੇ 3) ਦਾ 4 ਕਿਲੋ ਅਤੇ ਬੀ ਟੀ ਨਰਮੇ ਦੀਆਂ ਦੋਗਲੀਆਂ ਕਿਸਮਾਂ ਦਾ 900 ਗ੍ਰਾਮ ਬੀਜ ਪ੍ਰਤੀ ਏਕੜ ਵਰਤੋ। ਬੀ. ਟੀ. ਕਿਸਮਾਂ ਦੇ ਨਾਲ ਦਿੱਤਾ ਗਿਆ ਬੀ. ਟੀ. ਰਹਿਤ ਨਰਮੇ ਦਾ ਬੀਜ ਜ਼ਰੂਰ ਬੀਜੋ।

**ਖੇਤ ਦੀ ਤਿਆਰੀ ਅਤੇ ਬਿਜਾਈ ਸਮੇਂ ਸਾਵਧਾਨੀਆਂ** : ਪਿਛਲੇ ਕੁਝ ਸਾਲਾਂ ਦੇ ਸਰਵੇਖਣ ਦੌਰਾਨ ਇਹ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਖੇਤਾਂ ਵਿਚ ਜ਼ਮੀਨ ਵਿਚ ਸਖਤ ਤਹਿ ਦੇ ਬਨਣ ਨਾਲ ਵਿੱਚ ਪੌਦੇ ਦੀ ਜੜ੍ਹ ਦਾ ਸਹੀ ਵਿਕਾਸ ਨਹੀਂ ਹੁੰਦਾ ਜਿਸ ਕਰਕੇ ਪੌਦੇ ਦਾ ਸਹੀ ਵਾਧਾ ਵਿਕਾਸ ਨਾ ਹੋਣ ਕਰਕੇ ਫਸਲ ਤੇ ਮਾੜਾ ਅਸਰ ਪੈਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਖੇਤੀ ਤਿਆਰ ਕਰਨ ਤੋਂ ਪਹਿਲਾਂ ਟਰੈਕਟਰ ਨਾਲ ਚੱਲਣ ਵਾਲੇ ਤਹਿ-ਤੋੜ ਨੂੰ ਇਕ ਮੀਟਰ ਦੀ ਦੂਰੀ ਤੇ ਦੋ ਤਰਫਾ 45-50 ਸੈਂਟੀਮੀਟਰ ਡੂੰਘਾ ਚਲਾਓ ਅਤੇ ਮਿੱਟੀ ਦੇ ਢੇਲਿਆਂ ਨੂੰ ਸੁਹਾਗਾ ਮਾਰ ਕੇ ਤੋੜੋ। ਇਸ ਨਾਲ ਜ਼ਮੀਨ ਦੀ ਪਾਣੀ ਸੋਖਣ ਦੀ ਸ਼ਕਤੀ ਵਧੇਗੀ ਅਤੇ ਜੜ੍ਹਾਂ ਡੂੰਘੀਆਂ ਜਾਣ ਕਰਕੇ ਫਸਲ ਦਾ ਝਾੜ ਵਧੇਗਾ। ਜਿਹੜੇ ਕਿਸਾਨਾਂ ਕੋਲ ਪਾਣੀ ਦੀ ਕਮੀ ਨਹੀਂ ਹੈ ਉਹ ਰੌਣੀ ਕਰਨ ਤੋਂ ਪਹਿਲਾਂ ਉਲਟਾਵੇਂ ਜਾਂ ਚੋਝੂ ਹਲ ਦੀ ਵਰਤੋਂ ਕਰ ਸਕਦੇ ਹਨ। ਰੌਣੀ ਕਰਨ ਤੋਂ ਬਾਅਦ ਉਲਟਾਵੇਂ ਜਾਂ ਚੋਝੂ/ਤੋਤਾ ਹਲ ਦੀ ਵਰਤੋਂ ਕਿਉਕਿ ਗਰਮ ਮੌਸਮ ਹੋਣ ਕਰਕੇ ਖੇਤ ਬਹੁਤ ਜਲਦੀ ਖੁਸ਼ਕ ਹੋ ਜਾਂਦੇ ਹਨ ਜਿਸ ਨਾਲ ਬੀਜ ਦੇ ਪੁੰਗਰਨ ਤੇ ਮਾੜਾ ਅਸਰ ਪੈਂਦਾ ਹੈ। ਇਹ ਧਿਆਨ ਵਿਚ ਰੱਖੋ ਕਿ ਬਿਜਾਈ ਸਮੇਂ ਖੇਤ ਵਿਚ ਪੂਰਾ ਵੱਤਰ ਹੋਵੇ। ਬਿਜਾਈ ਕਰਨ ਵੇਲੇ ਟਰੈਕਟਰ ਦੀ ਰਫਤਾਰ ਧੀਮੀ ਰੱਖੋ ਅਤੇ ਡਰਿੱਲ ਦੀ ਡੂੰਘਾਈ ਦੋਵਾਂ ਪਾਸਿਆਂ ਤੋਂ ਇਕਸਾਰ ਹੋਵੇ। ਬਿਜਾਈ ਸਮੇਂ ਡਰਿੱਲ ਦੀ ਡੂੰਘਾਈ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਹੋਣ ਕਾਰਨ ਬੀਜ ਦੇ ਪੁੰਗਰਣ ਤੇ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਖੇਤ ਵਿਚ ਬੂਟਿਆਂ ਦੀ ਗਿਣਤੀ ਘਟ ਜਾਂਦੀ ਹੈ। ਪ੍ਰਤੀ ਏਕੜ ਦੇ ਹਿਸਾਬ ਘੱਟੋ-ਘੱਟ ਤਕਰੀਬਨ 7850 ਬੂਟੇ ਪੂਰੇ ਕਰਨ ਦੀ ਕੋਸ਼ਿਸ਼ ਜ਼ਰੂਰ ਕਰੋ। ਜ਼ਿਆਦਾ ਵਿਰਲੀ ਫਸਲ ਵਿਚ ਨਦੀਨਾਂ ਦੀ ਸਮੱਸਿਆ ਬਹੁਤ ਆਉਂਦੀ ਹੈ। ਪੱਧਰੀ ਬਿਜਾਈ ਵਿਚ ਟਰੈਕਟਰ ਨਾਲ ਚੱਲਣ ਵਾਲੀ ਡਰਿੱਲ ਨਾਲ 67.5 ਸੈ. ਮੀ. ਦੂਰੀ ਦੀਆਂ ਕਤਾਰਾਂ ਤੇ ਬਿਜਾਈ ਕਰੋ ਅਤੇ ਪਹਿਲਾ ਪਾਣੀ ਲਾਉਣ ਤੋਂ ਬਾਅਦ ਬੂਟੇ ਤੋਂ ਬੂਟੇ ਦਾ ਫਾਸਲਾ 60 ਸੈ. ਮੀ. (ਬੀ.ਟੀ. ਰਹਿਤ ਨਰਮੇ ਲਈ) ਅਤੇ 75 ਸੈ. ਮੀ. (ਬੀ.ਟੀ. ਨਰਮੇ ਦੀਆਂ ਦੋਗਲੀਆਂ ਕਿਸਮਾਂ) ਰੱਖ ਕੇ ਨਰਮਾ ਵਿਰਲਾ ਕਰੋ। ਵਿਰਲੀ ਫਸਲ ਵਿਚ ਬੂਟਿਆਂ ਦੀ ਗਿਣਤੀ ਪੂਰੀ ਕਰਨ ਲਈ 4×6'' ਦੇ ਪਲਾਸਟਿਕ ਦੇ ਲਿਫਾਫਿਆਂ ਵਿਚ ਮਿੱਟੀ ਅਤੇ ਰੂੜੀ ਬਰਾਬਰ ਭਰਕੇ ਪਨੀਰੀ ਉਗਾਓ। ਖਾਲੀ ਥਾਂਵਾਂ ਭਰਨ ਲਈ ਤਿੰਨ ਹਫਤੇ ਦੀ ਪਨੀਰੀ ਖੇਤ ਵਿਚ ਲਗਾਈ ਜਾ ਸਕਦੀ ਹੈ। ਜੇਕਰ ਫਸਲ ਦੀ ਬਿਜਾਈ ਤੋਂ ਬਾਅਦ ਜ਼ਿਆਦਾ ਬਰਸਾਤ ਹੋਣ ਕਰਕੇ ਖੇਤਾਂ ਵਿਚ ਪਾਣੀ ਖੜ੍ਹਾ ਹੋ ਜਾਵੇ ਤਾਂ ਫਸਲ ਦੀ ਬਿਜਾਈ ਦੁਬਾਰਾ ਕਰੋ ਕਿਉਂਕਿ ਇਨ੍ਹਾਂ ਹਾਲਤਾਂ ਵਿਚ ਕਰੰਡ ਨਹੀਂ ਤੋੜੀ ਜਾ ਸਕਦੀ। ਨਰਮੇ ਵਿਚ ਨਦੀਨ ਪ੍ਰਬੰਧਣ ਦਾ ਸੰਵੇਦਨਸ਼ੀਲ ਸਮਾਂ 20-60 ਦਿਨ ਹੈ। ਇਸ ਸਮੇਂ ਦੌਰਾਨ ਨਦੀਨਾਂ ਦਾ ਖੇਤ ਵਿਚ ਰਹਿਣਾ ਫਸਲ ਦੇ ਵਾਧੇ ਅਤੇ ਝਾੜ ਤੇ ਮਾੜਾ ਅਸਰ ਪਾਉਂਦਾ ਹੈ। ਫਸਲ ਨੂੰ ਸ਼ੁਰੂਆਤੀ ਅਵਸਥਾ ਵਿਚ ਨਦੀਨ ਮੁਕਤ ਰੱਖਣ ਲਈ 1 ਲਿਟਰ ਸਟੌਂਪ 30 ਈ.ਸੀ. ਪ੍ਰਤੀ ਏਕੜ 200 ਲਿਟਰ ਪਾਣੀ ਵਰਤ ਕੇ ਬਿਜਾਈ ਤੋਂ 24 ਘੰਟੇ ਦੇ ਅੰਦਰ ਛਿੜਕਾਅ ਕਰੋ। ਛਿੜਕਾਅ ਸਵੇਰੇ ਜਾਂ ਸ਼ਾਮ ਸਮੇਂ ਕਰੋ ਅਤੇ ਟੱਕ ਵਾਲੀ ਜਾਂ ਕੱਟ ਵਾਲੀ ਨੋਜ਼ਲ ਵਾਲਾ ਪੰਪ ਹੀ ਵਰਤੋ।

**ਖਾਦ ਖੁਰਾਕ** : ਪੰਜਾਬ ਦਾ ਦੱਖਣ-ਪੱਛਮੀ ਹਿੱਸਾ, ਜਿਸ ਦੇ ਧਰਾਤਲ ਦਾ ਤਕਰੀਬਨ 40% ਰਕਬੇ ਹੇਠਲਾ ਪਾਣੀ ਮਾੜੀ ਕਿਸਮ ਦਾ ਹੋਣ ਕਾਰਨ ਨਰਮੇ ਦੇ ਵਾਧੇ ਅਤੇ ਝਾੜ ਨੂੰ ਪ੍ਰਭਾਵਿਤ ਕਰਦਾ ਹੈ। ਜ਼ਮੀਨ ਵਿਚ ਘੁਲਣਸ਼ੀਲ ਲੂਣਾਂ ਦੀ ਮਾਤਰਾ ਅਤੇ ਮਾੜੇ ਪਾਣੀ ਨਾਲ ਸਿੰਚਾਈ ਨਰਮੇ ਵਿਚ ਵਰਤੀਆਂ ਗਈਆਂ ਰਸਾਇਣਿਕ ਖਾਦਾਂ ਦੀ ਵਰਤੋਂ ਦੇ ਅਸਰ ਨੂੰ ਕਾਫੀ ਹੱਦ ਤੱਕ ਘਟਾ ਦਿੰਦਾ ਹੈ, ਜਿਸ ਕਰਕੇ ਨਰਮੇ ਦਾ ਮੁੱਢਲਾ ਵਾਧਾ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦਾ ਹੈ। ਜੇਕਰ ਕਣਕ ਦੀ ਫਸਲ ਨੂੰ ਫਾਸਫੋਰਸ ਦੀ ਸਿਫਾਰਸ਼ ਕੀਤੀ ਗਈ ਮਾਤਰਾ (55 ਕਿਲੋ ਡੀ.ਏ.ਪੀ.) ਪਾਈ ਗਈ ਹੋਵੇ ਤਾਂ ਨਰਮੇ ਦੀ ਬਿਜਾਈ ਸਮੇਂ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ। ਰੇਤਲੀਆਂ ਜ਼ਮੀਨਾਂ ਵਿਚ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ ਅਤੇ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33% ਜ਼ਿੰਕ) ਪ੍ਰਤੀ ਏਕੜ ਵੀ ਜ਼ਰੂਰ ਪਾਓ। ਜੇਕਰ ਜ਼ਮੀਨ ਦੀ ਮੁੱਢਲੀ ਉਪਜਾਊ ਸ਼ਕਤੀ ਘੱਟ ਹੋਵੇ ਤਾਂ ਨਾਈਟ੍ਰੋਜਨ ਖਾਦ ਦੀ ਪਹਿਲੀ ਕਿਸ਼ਤ (45 ਕਿਲੋ ਯੂਰੀਆ/ਏਕੜ) ਬਿਜਾਈ ਸਮੇਂ ਹੀ ਪਾ ਦਿਓ, ਨਹੀਂ ਤਾਂ ਅੱਧੀ ਯੂਰੀਆ (45 ਕਿਲੋ/ਏਕੜ) ਫੁੱਲ ਨਿਕਲਣ ਸਮੇਂ ਪਾਓ।

**ਨਵਨੀਤ ਕੌਰ, ਅਮਰਜੀਤ ਸਿੰਘ ਸੰਧੂ ਅਤੇ ਪ੍ਰਿਤਪਾਲ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ**



# ਪੰਜਾਬ ਵਿੱਚ ਨਿੰਮ ਦੇ ਦਰੱਖਤ ਸੁੱਕਣ ਦੇ ਕਾਰਨ, ਮੌਜੂਦਾ ਸਥਿਤੀ ਅਤੇ ਸੁਝਾਅ

ਅਵਤਾਰ ਸਿੰਘ ਧੰਮੂ, ਗੁਰਵਿੰਦਰ ਪਾਲ ਸਿੰਘ ਢਿਲੋਂ ਅਤੇ ਰਾਜ ਕੁਮਾਰ ਪਾਲ,
ਵਣ ਅਤੇ ਕੁਦਰਤੀ ਸੋਮੇ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 94170-60676



ਇਹ ਦੇਖਣ ਵਿਚ ਆਇਆ ਹੈ ਕਿ ਇਹਨਾਂ ਸਰਦੀਆਂ ਦੌਰਾਨ ਨਿੰਮ ਦੇ ਦਰੱਖਤਾ ਦੇ ਪੱਤੇ ਪੂਰੇ ਤਰ੍ਹਾਂ ਸੁੱਕ ਗਏ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਜੰਗਲਾਤ ਅਤੇ ਕੁਦਰਤੀ ਸੋਮੇ ਵਿਭਾਗ ਦੇ ਸਰਵੇਖਣ ਤੋਂ ਇਹ ਪਤਾ ਲੱਗਿਆ ਹੈ ਕਿ ਹਰ ਉੱਪਰ ਦੇ ਵੱਡੇ, ਦਰਮਿਆਨੇ ਅਤੇ ਛੋਟੇ 90-95 ਪ੍ਰਤੀਸ਼ਤ ਨਿੰਮ ਦੇ ਰੁੱਖਾਂ ਦੇ ਪੱਤੇ ਸੁੱਕੇ ਹਨ । ਇਹ ਦਰੱਖਤ ਸੜਕਾਂ ਦੁਆਲੇ, ਨਹਿਰਾਂ ਦੇ ਕੰਢਿਆਂ ਤੇ ਅਤੇ ਸਰਕਾਰੀ ਬੀੜਾਂ ਵਿਚ ਵੀ ਸੁੱਕੇ ਹਨ ।

ਜਿੱਥੋਂ ਤੱਕ ਪਾਣੀ ਡੂੰਘਾ ਹੋਣ ਕਾਰਨ ਦਰੱਖਤਾਂ ਦੇ ਮਰਨ ਦੀ ਗੱਲ ਕਹੀ ਜਾ ਰਹੀ ਹੈ ਤਾਂ ਇਹ ਗੱਲ ਬਿਲਕੁਲ ਨਿਰਆਧਾਰ ਹੈ ਕਿਉਕਿ ਨਿੰਮ ਦੇ ਦਰੱਖਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ ਅਤੇ ਜੇਕਰ ਅਜਿਹਾ ਹੀ ਹੁੰਦਾ ਤਾਂ ਬਾਕੀ ਦਰੱਖਤ ਵੀ ਸੁੱਕਦੇ । ਜੇਕਰ ਇਹ ਧਾਰਨਾ ਸਹੀ ਹੁੰਦੀ ਤਾਂ ਨਹਿਰ ਦੇ ਕੰਢਿਆਂ ਉੱਪਰ ਨਿੰਮ ਦੇ ਦਰੱਖਤ ਹਰੇ ਭਰੇ ਹੁੰਦੇ ਪਰ ਨਹਿਰੀ ਕੰਢਿਆਂ ਉੱਪਰ ਵੀ ਨਿੰਮ ਦੇ ਦਰੱਖਤਾਂ ਦੇ ਪੱਤੇ ਸੁੱਕ ਚੁੱਕੇ ਹਨ ।

ਦੂਸਰੀ ਧਾਰਨਾ ਇਹ ਹੈ ਕਿ ਇਹ ਦਰੱਖਤ ਕੋਰੇ ਕਾਰਨ ਸੁੱਕੇ ਹਨ ਜਦੋਂ ਕਿ ਪੰਜਾਬ ਵਿਚ ਇਸ ਸਾਲ ਕੋਰਾ ਓਨਾ ਨਹੀਂ ਪਿਆ ਜਿੰਨਾ ਪਹਿਲੇ ਸਾਲਾਂ ਵਿਚ ਪੈਂਦਾ ਹੈ । ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਇਹ ਕੋਰੇ ਕਾਰਨ ਹੋਇਆ ਹੈ ਤਾਂ ਕੁਝ ਕੁ ਦਰੱਖਤ ਹੀ ਸੁੱਕਦੇ, ਜਿੱਥੇ-ਜਿੱਥੇ ਕੋਰਾ ਪੈਂਦਾ ਹੈ । ਪਰ ਦਰੱਖਤਾਂ ਦੇ ਪੱਤੇ ਤਾਂ ਸਾਰੀਆਂ ਥਾਵਾਂ ਤੇ ਹੀ ਸੁੱਕੇ ਹਨ । ਇਸ ਕਰਕੇ ਇਕੱਲੇ ਕੋਰੇ ਨਾਲ ਇਹ ਨਿੰਮ ਦੇ ਦਰੱਖਤ ਦੇ ਪੱਤੇ ਨਹੀਂ ਸੁੱਕੇ ।



### ਕਾਰਨ

ਜ਼ਿਆਦਾ ਲੰਮਾ ਸਮਾਂ ਅਤੇ ਲਗਾਤਾਰ ਠੰਡ ਪੈਣਾ ਅਤੇ ਦਸੰਬਰ 2023 ਦੇ ਅਖੀਰਲੇ ਹਫਤੇ ਤੋਂ ਲੈ ਕੇ ਫਰਵਰੀ 2024 ਦੇ ਪਹਿਲੇ ਹਫਤੇ ਤੱਕ ਸੂਰਜ ਦਾ ਘੱਟ ਨਿਕਲਣਾ । ਨਿੰਮ ਦਾ ਦਰੱਖਤ ਜ਼ਿਆਦਾ ਠੰਡ ਸਹਿਣ ਨਹੀਂ ਕਰ ਸਕਦਾ, ਇਸ ਕਰਕੇ ਇਹ ਦਰੱਖਤ ਬਾਕੀ ਦਰੱਖਤਾਂ ਦੇ ਮੁਕਾਬਲੇ ਜ਼ਿਆਦਾ ਪ੍ਰਭਾਵਿਤ ਹੋਇਆ ਹੈ ਜਾਂ ਕਹਿ ਲਵੋ ਕਿ ਇਸ ਸਰਦੀ ਨਾਲ ਸਿਰਫ ਨਿੰਮ ਦੇ ਦਰਖਤ ਹੀ ਪ੍ਰਭਾਵਿਤ ਹੋਏ ਹਨ । ਬਹੁਤੇ ਦਰੱਖਤ ਸਰਦੀਆਂ ਵਿਚ ਪੱਤੇ ਝਾੜ ਦਿੰਦੇ ਹਨ ਅਤੇ ਉਹਨਾਂ ਉੱਪਰ ਠੰਡ ਦਾ ਅਸਰ ਛੇਤੀ ਕਿਤੇ ਨਹੀਂ ਦਿਖਦਾ । ਇਸ ਦੇ ਉਲਟ ਨਿੰਮ ਇਕ ਸਦਾਬਹਾਰ ਦਰੱਖਤ ਹੋਣ ਕਾਰਨ ਸਰਦੀਆਂ ਵਿਚ ਪੱਤੇ ਨਹੀਂ ਝਾੜਦਾ ਅਤੇ ਇਸ ਦਰੱਖਤ ਦੇ ਬਾਕੀ ਦਰੱਖਤਾਂ ਦੇ ਮੁਕਾਬਲੇ ਪੱਤੇ ਪਤਲੇ ਅਤੇ ਜ਼ਿਆਦਾ ਮਾਤਰਾ ਵਿਚ ਹੁੰਦੇ ਹਨ । ਜਿਸ ਕਾਰਨ ਇਸ ਦਰੱਖਤ ਤੇ ਠੰਡ ਦਾ ਪ੍ਰਭਾਵ ਬਹੁਤ ਜ਼ਿਆਦਾ ਦਿਸਦਾ ਹੈ ।

### ਮੌਜੂਦਾ ਸਥਿਤੀ

ਸਰਵੇਖਣ ਤੋਂ ਪਤਾ ਲੱਗਦਾ ਹੈ ਕਿ 17-18 ਮਾਰਚ, 2024 ਤੋਂ ਬਹੁਤ ਸਾਰੇ ਦਰੱਖਤਾਂ ਦਾ ਫੁਟਾਰਾ ਸ਼ੁਰੂ ਹੋ ਚੁੱਕਾ ਹੈ ਅਤੇ ਕਾਫੀ ਮਾਤਰਾ ਵਿਚ ਦਰੱਖਤ ਨਵੇਂ ਪੱਤੇ ਕੱਢ ਰਹੇ ਹਨ । ਇਹ ਵੀ ਦੇਖਿਆ ਗਿਆ ਹੈ ਕਿ ਜਿਹੜੇ ਦਰੱਖਤਾਂ ਦੀ ਲਗਾਤਾਰ ਦੇਖਭਾਲ ਕੀਤੀ ਜਾ ਰਹੀ ਸੀ ਜਾਂ ਜਿਹਨਾਂ ਨੂੰ ਲਗਾਤਾਰ ਪਾਣੀ ਦਿੱਤਾ ਜਾ ਰਿਹਾ ਸੀ ਉਹਨਾਂ ਦਰੱਖਤਾਂ ਵਿਚ ਫੁਟਾਰਾ ਬਾਕੀ ਦਰੱਖਤਾਂ ਦੇ ਮੁਕਾਬਲੇ ਪਹਿਲਾਂ ਸ਼ੁਰੂ ਹੋਇਆ ਹੈ । ਬਹੁਤ ਸਾਰੇ ਦਰੱਖਤਾਂ ਦੇ ਕਾਫੀ ਸਾਰੇ ਟਾਹਣੇ ਅਤੇ ਟਹਿਣੀਆਂ ਸੁੱਕ ਚੁੱਕੇ ਹਨ ਪ੍ਰੰਤੂ ਉਹ ਮੋਟੇ ਟਾਹਣੇ ਅਤੇ ਟਹਿਣੀਆਂ ਤੋਂ ਪੱਤੇ ਕੱਢ ਰਹੇ ਹਨ । ਅੱਧ ਅਪ੍ਰੈਲ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਸਾਰੇ ਦਰੱਖਤਾਂ ਨੇ ਫੁਟਾਰਾ ਲੈ ਲਿਆ ਹੈ ਜਾਂ ਕੁਝ ਦਰੱਖਤ ਪੂਰਨ ਰੂਪ ਵਿਚ ਸੁੱਕ ਗਏ ਹਨ ।

### ਸੁਝਾਅ

ਬਿਨ੍ਹਾਂ ਸ਼ੱਕ ਇਸ ਵਰਤਾਰੇ ਨਾਲ ਨਿੰਮ ਦੇ ਰੁੱਖ ਕਮਜ਼ੋਰ ਹੋਣਗੇ ਅਤੇ ਭਵਿੱਖ ਵਿਚ ਕਿਸੇ ਬਿਮਾਰੀ ਜਾਂ ਬੇ-ਮੌਸਮੀ ਠੰਡ ਕਰਕੇ ਪੂਰਨ ਰੂਪ ਵਿਚ ਸੁੱਕਣ ਦੀ ਹਾਲਤ ਵਿਚ ਵੀ ਪਹੁੰਚ ਸਕਦੇ ਹਨ : ਹੇਠ ਲਿਖੇ ਉਪਾਅ ਕਰੋ ।

★ ਨਿੰਮ ਦੇ ਰੁੱਖਾਂ ਨੂੰ ਲਗਾਤਾਰ ਹਲਕੀ ਸਿੰਚਾਈ ਕਰਦੇ ਰਹੋ ।

★ ਨਿੰਮ ਦੁਆਲੇ ਲੱਗੇ ਪੱਤੇ ਫਰਸ਼ਾਂ ਨੂੰ ਉਖਾੜ ਦਿਉ ਅਤੇ ਆਲੇ ਦੁਆਲੇ ਦੀ ਮਿੱਟੀ ਨੂੰ ਗੋਡੀ ਕਰਦੇ ਰਹੋ ।

★ ਅੱਧ ਅਪ੍ਰੈਲ ਤੋਂ ਬਾਅਦ ਪੂਰੀ ਤਰ੍ਹਾਂ ਸੁੱਕ ਚੁੱਕੀਆਂ ਟਾਹਣੀਆਂ ਨੂੰ ਕੱਟ ਦਿਓ ਅਤੇ ਕੱਟੇ ਹੋਏ ਹਿੱਸੇ ਤੇ ਬੋਰਡੋ ਪੇਸਟ ਲਗਾ ਦਿਓ ।

★ ਅੱਧ ਸੁੱਕੇ ਰੁੱਖ ਸਿਉਂਕ ਦੇ ਹਮਲੇ ਦਾ ਸ਼ਿਕਾਰ ਵੀ ਹੋ ਸਕਦੇ ਹਨ, ਇਸ ਲਈ ਸਿਉਂਕ ਤੋਂ ਰੋਕਥਾਮ ਲਈ ਸਿਫਾਰਿਸ਼ ਕੀਟਨਾਸ਼ਕ ਜੜ੍ਹਾਂ ਵਿਚ ਪਾ ਦਿਓ ।

# ਕਿਸਾਨ ਵੀਰਾਂ ਲਈ ਖੇਤੀ ਰੁਝੇਵੇਂ

**ਕਣਕ** : ਕਣਕ ਦੀ ਫਸਲ ਪੱਕਣ ਤੇ ਹੈ, 15 ਅਪ੍ਰੈਲ ਨੂੰ ਮੌਸਮ ਦੀ ਚੇਤਾਵਨੀ ਨੂੰ ਧਿਆਨ ਵਿਚ ਰੱਖਦੇ ਹੋਏ ਕਣਕ ਨੂੰ ਪਾਣੀ ਲਾਉਣ ਤੋਂ ਰੋਕ ਲਓ ਅਤੇ 15 ਤੋਂ ਬਾਅਦ ਮੌਸਮ ਸਾਫ ਹੋਣ ਤੇ



ਹੀ ਪਾਣੀ ਲਾਉ । ਵੱਧਦੇ ਤਾਪਮਾਨ ਤੋਂ ਬਚਾਉਣ ਲਈ ਕਣਕ ਦੀ ਫਸਲ ਨੂੰ ਦਾਣਾ ਭਰਨ ਸਮੇਂ 15 ਗਰਾਮ ਸੈਲੀਸਿਲਕ ਐਸਿਡ ਨੂੰ 450 ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਸਪ੍ਰੇਅ ਕਰੋ ।

**ਕਮਾਦ** : ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ । ਮੋਢੀ ਫਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ ਪਾਉ । ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ । ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ । ਮੌਸਮੀ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ ਐਟਰਾਟਾਫ 50 ਡਬਲਯੂ ਪੀ ਜਾਂ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ।

**ਤੇਲ ਬੀਜ (ਫਸਲ ਪੱਕਣ ਦਾ ਸਮਾਂ)** : ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80-125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ ।

**ਨਰਮਾ/ਕਪਾਹ** : ਨਰਮੇ ਤੇ ਕਪਾਹ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਜਾਂ ਬੀ ਟੀ ਨਰਮੇ ਦੀਆਂ



ਕਿਸਮਾਂ ਜਾਂ ਦੋਗਲੀਆਂ ਕਿਸਮਾਂ ਦੀ ਬਿਜਾਈ 15 ਅਪ੍ਰੈਲ ਤੋਂ ਸ਼ੁਰੂ ਕਰ ਦਿਉ । ਕਪਾਹ-ਨਰਮੇ ਦੀ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਓ । ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਚਾਰਿਆਂ ਵਿਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ । ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਓ ।

**ਬਾਗਬਾਨੀ** : ਗਰਮੀ ਵਧਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ । ਆੜੂ ਅਤੇ ਅਲੂਚੇ ਦੇ ਬਾਗਾਂ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ । ਅੰਬ, ਲੀਚੀ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਫਲਾਂ ਨੂੰ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ । ਨਵੇਂ ਲਗਾਏ ਬੂਟਿਆਂ ਦੇ ਜੜ੍ਹ-ਮੁੱਢ ਵਾਲੇ ਭਾਗ ਤੇ ਆਏ ਫੁਟਾਰੇ ਨੂੰ ਲਗਾਤਾਰ ਤੋੜਦੇ ਰਹੋ । ਅੰਬਾਂ ਦੇ ਬੂਟਿਆਂ ਨੂੰ ਚਿੱਟੋ ਰੋਗ ਤੋਂ ਬਚਾਉਣ ਲਈ 1.0 ਮਿ.ਲਿ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕੋ । ਫਲਦਾਰ ਬੂਟਿਆ ਨੂੰ ਸਿਫਾਰਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਓ ਅਤੇ ਨਾਸ਼ਪਾਤੀ ਦੇ ਬਾਗਾਂ ਵਿਚ ਖਾਦਾਂ ਪਾਉਣ ਤੋਂ ਬਾਅਦ ਝੋਨੇ ਦੀ ਪਰਾਲੀ ਨਾਲ ਮਲਚਿੰਗ ਕਰੋ ।

**ਸਬਜ਼ੀਆਂ** : ਮਿਰਚ, ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ । ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ । ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ ।



ਮਾਰਚ ਵਿਚ ਬੀਜੀ ਗਈ ਸਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ ।

**ਪਸ਼ੂ ਪਾਲਣ** : ਪਸ਼ੂਆਂ ਦੀ ਉਤਪਾਦਨ ਸ਼ਕਤੀ ਸਹੀ ਰੱਖਣ ਲਈ ਉਨ੍ਹਾਂ ਨੂੰ ਵਾਤਾਵਰਣ ਦੇ ਦਬਾਉ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ । ਇਸ ਲਈ ਖੁੱਲ੍ਹੇ, ਹਵਾਦਾਰ ਅਤੇ ਆਰਾਮਦੇਹ ਸ਼ੈੱਡ ਹੋਣੇ ਚਾਹੀਦੇ ਹਨ । ਚਿੱਚੜਾਂ ਤੋਂ ਬਚਾਉਣ ਲਈ ਸ਼ੈੱਡ ਅੰਦਰ (ਦੀਵਾਰਾਂ ਅਤੇ ਫਰਸ਼) ਉੱਤੇ, ਵੈਟਰਨਰੀ ਡਾਕਟਰ ਦੀ ਸਲਾਹ ਮੁਤਾਬਕ ਸਪਰੇਅ ਕਰੋ ਅਤੇ ਇਸਨੂੰ ਦੋ ਹਫਤੇ ਬਾਅਦ ਦੁਬਾਰਾ ਕਰੋ । ਜਾਨਵਰਾਂ ਦੇ ਜ਼ਖਮਾਂ ਨੂੰ ਕੋਈ ਨਾ ਕੋਈ ਮੱਲ੍ਹਮ ਲਗਾ ਕੇ ਕੀਟਾਣੂੰ ਅਤੇ ਮੱਖੀਆਂ ਤੋਂ ਬਚਾਉਣਾ ਚਾਹੀਦਾ ਹੈ । ਛੋਟੇ ਪਸ਼ੂਆਂ ਜਿਵੇਂ ਕਿ ਕੱਟੜੂਆਂ ਅਤੇ ਵੱਛੜੂਆਂ ਥੱਲੇ ਸੁੱਕੀ ਸੁੱਕ (ਜਿਵੇਂ ਪਰਾਲੀ) ਵਿਛਾ ਕੇ ਉਨ੍ਹਾਂ ਨੂੰ ਸਮੇਂ ਸਿਰ ਮਲੱਪ ਰਹਿਤ ਕਰੋ ਅਤੇ ਸਮੇਂ ਸਮੇਂ ਤੇ ਟੀਕਾਕਰਣ ਵੀ ਕਰਵਾਓ ।

ਨਰਮੇ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਕਰਕੇ ਖੇਤ ਵਿਚ ਗੇੜਾ ਮਾਰਦੇ ਰਹਿਣਾ ਚਾਹੀਦਾ ਹੈ । ਜਦੋਂ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਮਾਹਿਰਾਂ ਨਾਲ ਸੰਪਰਕ ਕਰੋ । ਉਨ੍ਹਾਂ ਵੱਲੋਂ ਸਿਫਾਰਸ਼ ਕੀਤੀ ਜ਼ਹਿਰ ਅਤੇ ਛਿੜਕਾਅ ਦੇ ਢੰਗ ਤਰੀਕੇ ਅਨੁਸਾਰ ਹੀ ਛਿੜਕਾਅ ਕੀਤਾ ਜਾਵੇ ।



# ਨਰਮੇ ਅਤੇ ਕਪਾਹ ਦੀ ਬਿਜਾਈ ਦਾ ਸਮਾਂ

ਡਾ. ਰਣਜੀਤ ਸਿੰਘ

ਰਕਬੇ ਦੇ ਹਿਸਾਬ ਨਾਲ ਕਣਕ ਝੋਨੇ ਪਿਛੋਂ ਨਰਮੇ ਦਾ ਤੀਜਾ ਸਥਾਨ ਹੈ । ਪਿਛਲੇ ਸਾਲ ਇਸ ਦੀ ਕਾਸ਼ਤ ਕੋਈ 2.50 ਲੱਖ ਹੈਕਟਰ ਵਿਚ ਕੀਤੀ ਗਈ ਸੀ । ਕਣਕ ਵੱਢ ਨਰਮੇ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ । ਕਣਕ ਦੀ ਵਾਢੀ ਪਿੱਛੋਂ ਖੇਤ ਨੂੰ ਭਰਵੀਂ ਰੌਣੀ ਦੇ ਕੇ ਤਿਆਰ ਕਰੋ । ਅਮਰੀਕਨ ਕਪਾਹ ਜਿਸ ਨੂੰ ਨਰਮਾ ਆਖਦੇ ਹਾਂ, ਇਸ ਦੀ ਕਾਸ਼ਤ ਪੱਛਮੀ ਜ਼ਿਲਿਆਂ ਵਿਚ ਹੁੰਦੀ ਹੈ ਜਦੋਂ ਕਿ ਕਪਾਹ ਤਾਂ ਥੋੜੀ ਬਹੁਤ ਸਾਰੇ ਪੰਜਾਬ ਵਿਚ ਹੀ ਬੀਜੀ ਜਾਂਦੀ



ਹੈ । ਅਮਰੀਕਨ ਸੁੰਡੀ ਦੇ ਹਮਲੇ ਤੋਂ ਡਰਦੇ ਹੁਣ ਬਹੁਤੇ ਕਿਸਾਨ ਬੀ ਟੀ ਨਰਮੇ ਦੀਆਂ ਕਿਸਮਾਂ ਹੀ ਬੀਜਦੇ ਹਨ । ਇਹ ਬੀਜ ਹਰ ਸਾਲ ਨਵਾਂ ਲੈਣਾ ਪੈਂਦਾ ਹੈ । ਬੀਜ ਹਮੇਸ਼ਾਂ ਭਰੋਸੇਯੋਗ ਵਸੀਲੇ ਤੋਂ ਪ੍ਰਾਪਤ ਕਰੋ ਤਾਂ ਜੋ ਨਕਲੀ ਬੀਜ ਦੀ ਮਾਰ ਤੋਂ ਬਚਿਆ ਜਾ ਸਕੇ । ਹਮੇਸ਼ਾਂ ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੀ ਕਾਸ਼ਤ ਕਰੋ । ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਤੁਹਾਡੀ ਆਪਣੀ ਯੂਨੀਵਰਸਿਟੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਬੀ ਟੀ ਨਰਮੇ ਦੀਆਂ ਕਿਸਮਾਂ ਤਿਆਰ ਕਰ ਲਈਆਂ ਹਨ । ਪੀ ਏ ਯੂ ਬੀਟੀ-2, ਪੀ ਏ ਯੂ ਬੀਟੀ-3 ਕਿਸਮਾਂ ਕਾਸ਼ਤ ਲਈ ਦਿੱਤੀਆਂ ਗਈਆਂ ਹਨ । ਇਸ ਤੋਂ ਇਲਾਵਾ ਕੁਝ ਹੋਰ ਬੀ ਟੀ ਕਿਸਮਾਂ ਦੀ ਸਿਫਾਰਸ਼ ਵੀ ਕੀਤੀ ਜਾ ਰਹੀ ਹੈ । ਜਿਨ੍ਹਾਂ ਦਾ ਪ੍ਰਤੀ ਏਕੜ ਕੇਵਲ 900 ਗ੍ਰਾਮ ਬੀਜ ਚਾਹੀਦਾ ਹੈ । ਪਰ ਪੀ ਏ ਯੂ ਬੀ ਟੀ ਦਾ ਚਾਰ ਕਿਲੋ ਪ੍ਰਤੀ ਏਕੜ ਬੀਜ ਚਾਹੀਦਾ ਹੈ । ਇਨ੍ਹਾਂ ਤੋਂ ਬਗੈਰ ਐਫ 2228, ਐਲ ਐਚ 2108 ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ । ਇਨ੍ਹਾਂ ਕਿਸਮਾਂ ਲਈ ਪ੍ਰਤੀ ਏਕੜ 3.5 ਕਿਲੋ ਬੀਜ ਚਾਹੀਦਾ ਹੈ ।

ਨਰਮੇ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਕਰਕੇ ਖੇਤ ਵਿਚ ਗੇੜਾ ਮਾਰਦੇ ਰਹਿਣਾ ਚਾਹੀਦਾ ਹੈ । ਜਦੋਂ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਮਾਹਿਰਾਂ ਨਾਲ ਸੰਪਰਕ ਕਰੋ । ਉਨ੍ਹਾਂ ਵੱਲੋਂ ਸਿਫਾਰਸ਼ ਕੀਤੀ ਜ਼ਹਿਰ ਅਤੇ ਛਿੜਕਾਅ ਦੇ ਢੰਗ ਤਰੀਕੇ ਅਨੁਸਾਰ ਹੀ ਛਿੜਕਾ ਕੀਤਾ ਜਾਵੇ ।

ਦੇਸੀ ਕਪਾਹ ਦੀ ਕਾਸ਼ਤ ਦਾ ਵੀ ਹੁਣ ਸਮਾਂ ਹੈ । ਘਰ ਦੀ ਵਰਤੋਂ ਲਈ ਇਸ ਨੂੰ ਵਧੇਰੇ ਪਸੰਦ ਕੀਤਾ ਜਾਂਦਾ ਹੈ । ਇਸ ਉੱਤੇ ਕੀੜਿਆਂ ਦਾ ਹਮਲਾ ਵੀ ਘਟ ਹੁੰਦਾ ਹੈ । ਐਫ ਡੀ ਕੇ 124, ਐਲ ਡੀ 1019, ਐਲ ਡੀ 949 ਸਿਫਾਰਸ਼ ਕੀਤੀਆਂ ਕਿਸਮਾਂ ਹਨ । ਜਿਨ੍ਹਾਂ ਦਾ ਤਿੰਨ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਂਦਾ ਹੈ । ਨਰਮੇ ਅਤੇ ਕਪਾਹ ਦੀ ਬਿਜਾਈ 15 ਮਈ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ । ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 67.7 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ । ਬਿਜਾਈ ਸਮੇਂ 27 ਕਿਲੋ ਡੀ ਏ ਪੀ ਜਾਂ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਵੋ । ਆਮ ਕਿਸਮਾਂ ਲਈ 65 ਕਿਲੋ ਯੂਰੀਆ ਅਤੇ ਬੀ ਟੀ ਕਿਸਮਾਂ ਲਈ 90 ਕਿਲੋ ਯੂਰੀਆ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਗਈ ਹੈ । ਅੱਧਾ ਯੂਰੀਆ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਦਾ ਹਿੱਸਾ ਖਿੜਣ ਸਮੇਂ ਪਾਵੋ । ਸਿਫਾਰਸ਼ ਤੋਂ ਵੱਧ ਨਾਈਟ੍ਰੋਜਨ ਵਾਲੀ ਖਾਦ ਨਹੀਂ ਪਾਉਣੀ ਚਾਹੀਦੀ ਹੈ । ਨਦੀਨਾਂ ਦੀ ਰੋਕਥਾਮ ਲਈ ਲੋੜ ਅਨੁਸਾਰ ਦੋ ਜਾਂ ਤਿੰਨ ਗੋਡੀਆਂ ਕਰੋ । ਬਾਗਾਂ ਦੇ ਅੰਦਰ ਜਾਂ ਨੇੜੇ ਨਰਮੇ ਦੀ ਬਿਜਾਈ ਨਹੀਂ ਕਰਨੀ ਚਾਹੀਦੀ ।

ਨਰਮੇਂ ਉੱਤੇ ਕੀੜਿਆਂ ਅਤੇ ਬਿਮਾਰੀਆਂ ਦਾ ਵਧੇਰੇ ਹਮਲਾ ਹੁੰਦਾ ਹੈ । ਜੇਕਰ ਕੁਝ ਸਾਵਧਾਨੀਆਂ ਵਰਤੀਆਂ ਜਾਣ ਤਾਂ ਇਨ੍ਹਾਂ ਹਮਲਿਆਂ ਨੂੰ ਘੱਟ ਕੀਤਾ ਜਾ ਸਕਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਸ ਸੰਬੰਧੀ ਕੁਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਜਿਹੜੀਆਂ ਤੁਹਾਡੇ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ।

★ ਸਿਫਾਰਸ਼ ਕੀਤੀਆਂ ਬੀਟੀ ਨਰਮੇ ਦੀਆਂ ਕਿਸਮਾਂ ਦੀ ਹੀ ਬਿਜਾਈ ਕਰੋ ।

★ ਦੇਸੀ ਕਪਾਹ ਉੱਤੇ ਪੱਤਾ ਮਰੋੜ ਬਿਮਾਰੀ ਦਾ ਹਮਲਾ ਨਹੀਂ ਹੁੰਦਾ ਅਤੇ ਰਸ ਚੂਸਣ ਵਾਲੇ ਕੀੜੇ ਜਿਵੇਂ ਕਿ ਹਰਾ ਤੇਲਾ ਅਤੇ ਚਿੱਟੀ ਮੱਖੀ ਦਾ ਹਮਲਾ ਵੀ ਘੱਟ ਹੁੰਦਾ ਹੈ ।

★ ਨਰਮੇ ਵਾਲੇ ਖੇਤ ਨੂੰ ਡੂੰਘਾ ਵਾਹੁਣਾ ਅਤੇ ਬਿਜਾਈ ਤੋਂ ਪਹਿਲਾਂ ਭਰਵੀਂ ਰੌਣੀ ਕਰਨੀ ਜ਼ਰੂਰੀ ਹੈ ।

★ ਬੀ ਟੀ ਨਰਮੇ ਦਾ ਬੀਜ ਭਰੋਸੇਯੋਗ ਵਸੀਲਿਆਂ ਤੋਂ ਖਰੀਦੋ ਤੇ ਨਾਲ ਪੱਕਾ ਬਿਲ ਲਵੋ ਜਿਸ ਉਪਰ ਬੀਜ ਦਾ ਲਾਟ ਨੰਬਰ ਜ਼ਰੂਰ ਹੋਵੇ । ਬਿਜਾਈ ਤੋਂ ਬਾਅਦ ਪੱਕਾ ਬਿੱਲ ਅਤੇ ਬੀਜ ਦੀ ਖਾਲੀ ਥੈਲੀ ਸੰਭਾਲ ਕੇ ਰੱਖੋ ।

★ ਬਿਜਾਈ ਹਰ ਹਾਲਤ ਵਿਚ 15 ਮਈ ਤੋਂ ਪਹਿਲਾਂ ਕਰੋ ।

★ ਨਾਈਟ੍ਰੋਜਨ ਖਾਦ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਕਿ ਜ਼ਿਆਦਾ ਖਾਦ ਪਾਉਣ ਨਾਲ ਰਸ ਚੂਸਣ ਵਾਲੇ ਕੀੜਿਆਂ ਵਿਚ ਵਾਧਾ ਹੁੰਦਾ ਹੈ ।

★ ਜ਼ਮੀਨ ਦੀ ਕਿਸਮ ਅਨੁਸਾਰ, ਨਰਮੇ ਨੂੰ ਪਹਿਲਾ ਪਾਣੀ 4-6 ਹਫਤੇ ਮਗਰੋਂ ਲਾਓ । ਨਰਮੇ ਨੂੰ ਆਖਰੀ ਪਾਣੀ ਸਤੰਬਰ ਦੇ ਅਖੀਰ ਵਿਚ ਲਾਓ ।

★ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਕੀਤੀਆਂ ਗਈਆਂ ਕੀਟਨਾਸ਼ਕਾਂ ਦਾ ਛਿੜਕਾਅ 125-150 ਲਿਟਰ ਪਾਣੀ ਪ੍ਰਤੀ ਏਕੜ ਵਿਚ ਮਿਲਾ ਕੇ ਨੈਪਸੈਕ ਪੰਪ ਨਾਲ ਕਰੋ ।

★ ਸਿਫਾਰਸ਼ ਕੀਤੀਆਂ ਕੀੜੇਮਾਰ ਜ਼ਹਿਰਾਂ ਸਹੀ ਸਮੇਂ ਤੇ ਸਹੀ ਮਾਤਰਾ ਵਿਚ ਹੀ ਵਰਤੋ । ਕੀੜਿਆਂ ਦੀ ਅਸਰਦਾਰ ਰੋਕਥਾਮ ਲਈ ਬੂਟੇ ਦੇ ਉਪਰ ਤੋਂ ਹੇਠਾਂ ਤੱਕ ਸਾਰੇ ਪੱਤਿਆਂ ਤੇ ਛਿੜਕਾਅ ਪਹੁੰਚਣਾ ਬਹੁਤ ਜ਼ਰੂਰੀ ਹੈ ।

★ ਕੀਟਨਾਸ਼ਕਾਂ ਦੇ ਮਿਸ਼ਰਣ ਆਪ ਨਾ ਤਿਆਰ ਕਰੋ ।

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿਚੋਂ ਚਿੱਟੀ ਮੱਖੀ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਤੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰੋ ।

★ ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ । ਇਨ੍ਹਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ ।

★ ਘੱਟ ਲਾਗਤ ਵਾਲੇ ਪੀਲੇ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿਚ ਲਗਾਓ ਜੋ ਕਿ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਵਿਚ ਸਹਾਇਕ ਹਨ ।

★ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉਪਰਲੇ ਹਿੱਸੇ ਵਿਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

-----------------------------------

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 15
ਮਿਤੀ 13-04-2024



ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਵਾਢੀਆਂ ਦੇ ਉਹ ਰੰਗਲੇ ਦਿਨ


ਮੁਖਤਿਆਰ ਗਿੱਲ
ਪਿੰਡ ਪ੍ਰੀਤ ਨਗਰ, ਡਾਕ. ਚੋਗਾਵਾਂ,
ਅੰਮ੍ਰਿਤਸਰ-143109


ਜ਼ਿਕਰ-ਏ-ਖ਼ੈਰ ਬਚਪਨ ਦਾ ਹੈ। ਉਨ੍ਹਾਂ ਦਿਨਾਂ ਵਿੱਚ ਨਾ ਕਿਧਰੇ ਕੁਦਰਤ ਨਾਲ ਛੇੜ ਛਾੜ ਦਾ ਖਾਮਿਆਜਾ ਭੁਗਤਣ ਦਾ ਡਰ ਖ਼ੌਫ ਹੁੰਦਾ ਸੀ। ਨਾ ਬੇਰਹਿਮ ਮੌਸਮ ਨਾਂ ਬੇ ਮੌਸਮੀ ਬਾਰਿਸ਼ ਦਾ ਖਦਸ਼ਾ। ਨਹਿਰਾਂ, ਸੂਇਆਂ ਅਤੇ ਖਾਲਾਂ ਰਾਹੀਂ ਆਉਂਦਾ ਪਾਣੀ ਫਸਲ ਸਿੰਜਦਾ ਸੀ ਜਾਂ ਟਿੰਡਾਂ ਵਾਲੇ ਖੂਹ। ਬੰਜਰ ਦਾ ਤਾਂ ਰੱਬ ਰਾਖਾ ਹੁੰਦਾ ਹੀ ਸੀ। ਸਾਫ ਅਤੇ ਸਵੱਛ ਹਵਾ, ਹਰਿਆ ਭਰਿਆ ਆਲਾ ਦੁਆਲਾ, ਖੂਹਾਂ ਦਾ ਸ਼ਰਬਤ ਵਰਗਾ ਮਿੱਠਾ ਪਾਣੀ। ਪਿੰਡ ਦੇ ਬਿਲਕੁਲ ਬਾਹਰ ਗੋਰੇ ਵਾਲਾ ਖੂਹ ਰੋਜ਼ਾਨਾ ਸਵੇਰ ਵੇਲੇ ਵਗਦਾ ਸੀ। ਪਿੰਡ ਵਾਸੀ ਬਾਹਰ ਅੰਦਰ ਜਾ ਉੱਥੇ ਦਾਤਣ ਕੁਰਲਾ ਕਰਦੇ ਨਹਾਉਂਦੇ ਧੋਂਦੇ ਸਨ। ਗੁਰਦੁਆਰੇ ਦੀ ਇੱਕੋ ਇਕ ਹਲਟੀ ਤੋਂ ਔਰਤਾਂ ਪਾਣੀ ਦੀਆਂ ਗਾਗਰਾਂ/ਘੜੇ ਭਰ ਘਰਾਂ ਦੀਆਂ ਰਸੋਈਆਂ ਤੱਕ ਪਹੁੰਚਾਉਂਦੀਆਂ ਸਨ। ਪਿੰਡ ਦੇ ਆਸ ਪਾਸ ਬਾਗ ਬਗੀਚੇ ਹੁੰਦੇ ਸਨ। ਪਿੰਡ ਤੋਂ ਚੜ੍ਹਦੇ ਵੱਲ ਵਗਦੀ ਨਹਿਰ ਲਾਹੌਰ ਬ੍ਰਾਂਚ ਨੇੜੇ ਅੰਬਾਂ ਦਾ ਬਹੁਤ ਵੱਡਾ ਬਾਗ ਹੁੰਦਾ ਸੀ। ਖਰਬੂਜ਼ਿਆਂ ਦੇ ਵਾੜੇ ਹੁੰਦੇ ਸਨ।

ਵਿਸਾਖੀ ਦੇ ਆਸ-ਪਾਸ ਦੇਸੀ ਕਣਕਾਂ ਪੱਕਦੀਆਂ ਸਨ। ਲੁਹਾਰਾਂ ਦੀਆਂ ਭੱਠੀਆਂ ਦਿਨ ਰਾਤ ਤਪਦੀਆਂ ਸਨ। ਦਾਤ੍ਰੀਆਂ ਅਤੇ ਹੋਰ ਖੇਤੀ ਸੰਦ ਬਣਦੇ ਸਨ। ਦਾਤ੍ਰੀਆਂ ਦੇ ਦੰਦ ਕਢਾਉਣ ਵਾਲੇ ਵਾਰੀ ਉਡੀਕਿਆ ਕਰਦੇ ਸਨ। ਰਿਸ਼ਤੇ ਬੜੇ ਪੀਢੇ ਅਤੇ ਭਾਈਚਾਰਕ ਸਾਂਝ ਬੜੀ ਮਜ਼ਬੂਤ ਹੁੰਦੀ ਸੀ। ਬਾਪੂ ਬਾਬੇ, ਚਾਚੇ ਤਾਏ, ਭਾਅ, ਭਾਊ ਬੜੇ ਮੋਹ ਵੰਤੇ ਜਿਹੇ ਸ਼ਬਦ ਹੁੰਦੇ ਸਨ। ਖੂਹ ਦੇ ਔਲੂ ਵਿੱਚੋਂ ਭਿੱਜੀ ਕੱਢੀ ਪਰਾਲੀ ਦੇ ਟਾਹਲੀਆਂ ਕਿੱਕਰਾਂ ਦੀ ਛਾਂ ਹੇਠ ਬੈਠੇ ਬਜ਼ੁਰਗ ਬੇੜ ਵੱਟਦੇ ਸਨ। ਵਾਢੀ ਲਈ 'ਮੰਗ' ਪਾਈ ਜਾਂਦੀ ਸੀ। ਮਾਂਗਿਆਂ ਵਿੱਚ ਸਕੇ ਸਬੰਧੀ, ਸ਼ਰੀਕੇ ਬਿਰਾਦਰੀ ਵਿਚੋਂ ਸਾਂਝ ਵਾਲੇ ਚੋਬਰ ਹੁੰਦੇ ਸਨ। ਸੂਰਜ ਦੇਵਤਾ ਦੇ ਆਗਮਨ ਦੇ ਨਾਲ ਹੀ ਵਾਢੇ ਖੇਤਾਂ 'ਚ ਪਹੁੰਚ ਜਾਂਦੇ। ਰੱਬ ਦਾ ਨਾਂਅ ਲੈ ਕੇ ਵਾਢੀ ਬੈਠਦੇ। ਚੋਬਰਾਂ ਦੇ ਕਸਰਤੀ ਡੌਲੇ ਦਾਤੀਆਂ ਪਰਖਦੇ ਅਤੇ ਪਰਾਤਾਂ ਦੀਆਂ ਪਰਾਤਾਂ ਨਿਬੇੜੀ ਜਾਂਦੇ। ਇਸ ਦੌਰਾਨ ਪਿੰਡੋਂ, ਸ਼ਾਹ ਵੇਲਾ' ਆ ਜਾਂਦਾ। ਪਰਾਂਠੇ, ਆਚਾਰ, ਮੱਖਣ, ਦਹੀਂ ਅਤੇ ਲੱਸੀ। ਸਾਦਾ



ਅਤੇ ਪੌਸ਼ਟਿਕ ਨਾਸ਼ਤਾ ਕਰ ਕੇਫਿਰ ਦੁਪਹਿਰ ਤੱਕ ਕਣਕ ਵੱਢ ਵੱਢ ਢੇਰੀਆਂ ਲਾਈ ਜਾਂਦੇ। ਕਿਧਰੋਂ ਢੋਲ ਵਾਲਾ ਆ ਜਾਂਦਾ ਅਤੇ ਆਪਣੇ ਢੋਲ 'ਤੇ ਡਗਾ ਮਾਰ, ਵਾਢਿਆਂ ਨੂੰ ਹੱਲਾ ਸ਼ੇਰੀ ਦਿੰਦਾ। ਦੁਪਹਿਰੇ ਸੂਏ ਜਾਂ ਖਾਲ ਕੰਢੇ ਜਾਂ ਖੂਹ ਨੇੜਲੇ ਰੁੱਖਾਂ ਦੀ ਸੰਘਣੀ ਛਾਂ ਹੇਠ ਬੈਠ ਜਾਂਦੇ, ਵੱਡੀ ਨੂੰਹ ਅਤੇ ਲਾਗਣ ਵੱਲੋਂ ਲਿਆਂਦਾ 'ਦੁਪਹਿਰ ਵੇਲਾ' ਖੁੱਲਦਾ : ਚੋਪੜੀਆਂ ਤੰਦੂਰੀ ਰੋਟੀਆਂ : ਸ਼ੱਕਰ ਘਿਉ ਅਤੇ ਮੌਸਮੀ ਸਬਜ਼ੀ ਨਾਲ ਲੇਹੜਦੇ ਤੇ ਰਜਵੀਂ ਠੰਢੀ ਮਿੱਠੀ ਲੱਸੀ ਪੀਂਦੇ। ਖਾ ਪੀ ਜਵਾਨ ਵਾਢੇ ਫਿਰ ਖੇਤਾਂ 'ਚ ਆਪਣੀ ਸਰੀਰਕ ਕਲਾਕਾਰੀ ਦੇ ਮੰਜਰ ਸਿਰਜਦੇ ਅਤੇ ਪਿੱਛੇ ਪਿੱਛੇ ਵੱਢੀ ਕਣਕ ਦੀਆਂ ਢੇਰੀਆਂ ਲਗਦੀਆਂ ਜਾਂਦੀਆਂ। ਬਾਜ਼ੀਗਰ ਡਾਂਗਾਂ ਅਤੇ ਪਰਾਣੀਆਂ 'ਤੇ ਰੰਗ ਬਿਰੰਗੇ ਧਾਗੇ ਬੰਨ੍ਹੀ-ਮੱਕੜੇ (ਵੱਢੀ ਕਣਕ ਦੀ ਢੇਰੀ) ਬਦਲੇ ਵੇਚ ਜਾਂਦੇ। ਫਿਰ ਘੜਵੰਜੀ 'ਤੇ ਠੰਢੇ ਪਾਣੀ ਦੇ ਦੋ ਘੜੇ ਰੱਖੀ ਕੋਈ ਦੂਜਾ ਆ ਜਾਂਦਾ। ਕਦੇ ਗੁੜ ਦਾ ਸ਼ਰਬਤ। ਵਾਢੇ ਨਬੇੜਾ ਕਰੀ ਜਾਂਦੇ। ਮੁਰਮਰਾ (ਮਰੁੰਡਾ) ਲੈ ਕੇ ਆਉਣ ਵਾਲੇ ਵੀ ਮੱਕੜਾ ਦਿੱਤਾ ਜਾਂਦਾ ਸੀ।

ਉਧਰ ਸੂਰਜ ਆਪਣਾ ਸਫਰ ਪੂਰਾ ਕਰ-ਵਿਦਾ ਲੈਣ ਦੀ ਤਿਆਰੀ ਕਰ ਰਿਹਾ ਹੁੰਦਾ ਇੱਧਰ ਵਾਢੇ ਜ਼ੋਰ ਸ਼ੋਰ ਨਾਲ ਢੇਰੀਆਂ ਇਕੱਠੀਆਂ ਕਰ ਭਰੀਆਂ ਬੰਨ੍ਹੀ ਜਾਂਦੇ। ਫਿਰ ਭਰੀਆਂ ਇੱਕ ਥਾਂ ਇਕੱਠੀਆਂ ਕਰ ਖਲਵਾੜਾ ਲਾ ਦਿੰਦੇ। ਖੇਤ ਚੋ ਵਿਹਲੇ ਹੋ ਵਾਢੇ ਹਲਟੀ ਵਾਲੀ ਖੂਹੀ 'ਤੇ ਪਹੁੰਚਦੇ। ਅਗੇ ਧੋਤੇ ਪਰਨੇ, ਸਾਬਣ ਅਤੇ ਤੇਲ ਰੱਖਿਆ ਹੁੰਦਾ। ਵਾਢੇ ਨਹਾਉਣ ਵਾਲੇ ਸਾਬਣ ਨਾਲ ਮਲ ਮਲ ਨਹਾਉਂਦੇ, ਤੇਲ ਲਾਉਂਦੇ, ਫਿਰ ਸਾਰੇ ਜਿਸਮ 'ਤੇ ਪਾਣੀ ਪਾਉਂਦੇ। ਹਵੇਲੀ 'ਚ ਪਾਣੀ ਤਰੌਂਕ ਮੰਜੇ ਡਾਹੇ ਹੁੰਦੇ ਹਨ ਜਿਨ੍ਹਾਂ 'ਤੇ 'ਮਾਂਗੇ' ਸਜ ਜਾਂਦੇ। ਰਾਜਾ ਮਹਾਂਪ੍ਰਸ਼ਾਦ ਵਰਤਾਉਣਾ ਸ਼ੁਰੂ ਕਰ ਦਿੰਦਾ ਹੈ। ਦਾਰੂ ਅਤੇ ਮੀਟ ਦੇ ਦੌਰ ਚਲਦੇ। ਫਿਰ ਥਾਲੀਂ ਚ ਚੌਲ-ਉੱਪਰ ਬੂਰਾ ਖੰਡ ਅਤੇ ਕੌਲੀ ਦੇਸੀ ਘਿਓ : ਮਾਂਗੇ ਉਂਗਲਾਂ ਚੱਟ ਚੱਟ ਲੈਂਦੇ। ਫਿਰ ਤਰੀ ਵਾਲੇ ਮੀਟ ਨਾਲ ਰੜ੍ਹੀਆਂ ਰੋਟੀਆਂ ਨਾਲ ਲੇਹੜਦੇ, ਕੁਝ ਦੁੱਧ ਪੀ ਲੈਂਦੇ ਅਤੇ ਕੁਝ ਉੱਥੇ ਹੀ ਮੰਜੇ 'ਤੇ ਢਹਿ ਪੈਂਦੇ।

ਅਗਲੇ ਦਿਨ ਕਣਕ ਗਾਹੁਣ ਦੀ ਤਿਆਰੀ ਹੁੰਦੀ/ਬਜ਼ੁਰਗ ਫਲ੍ਹੇ 'ਬਣਾਉਂਦੇ'। ਰੁੱਖ ਦੇ ਸਿੱਧੇ ਵੱਢੇ ਟਾਹਣਾਂ ਦੀਆਂ ਚਾਰ ਬੱਲੀਆਂ ਬਣਾ-ਉਨ੍ਹਾਂ ਨੂੰ ਰੱਸੀ ਨਾਲ ਬੰਨ੍ਹ ਚੌਖਟਾ ਬਣਾਇਆ ਜਾਂਦਾ। ਫਿਰ ਉਪਰ ਛਾਪੇ ਰੱਖ-ਨਾੜ ਰੱਚਿਆ ਜਾਂਦਾ, ਜਿਸ ਨੂੰ ਰੱਸੀ ਨਾਲ ਬਲੀਆਂ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਫਲ੍ਹਾ ਤਿਆਰ। ਇਸ ਤੋਂ ਬਾਅਦ ਭਰੀਆਂ ਲਿਆ ਖਲਾਰ ਦਿੱਤੀਆਂ ਜਾਂਦੀਆਂ। ਫਲ੍ਹੇ ਅੱਗੇ ਅਕਸਰ ਬਲਦ ਜੁਤਦੇ ਸਨ ਪਰ ਕਦੇ ਕਦੇ ਘੋੜੇ ਜਾਂ ਊਠਣੀ ਵੀ ਜੁੱਤਦੀ ਸੀ। ਬਲਦ ਗੋਲ ਦਾਇਰੇ 'ਚ ਅੱਗੇ ਅੱਗੇ ਤੁਰਦੇ-ਪਿਛੇ ਫਲ੍ਹਾ : ਫਲ੍ਹਾ ਗਹਾਈ ਕਰਦਾ ਸੀ। ਕਦੀਂ ਕਦੀਂ ਅਸੀਂ ਬੱਚੇ ਫਲ੍ਹੇ 'ਤੇ ਬੈਠ ਝੂਟੇ ਲੈਂਦੇ ਸੀ। ਸ਼ਾਮ ਤਕ ਗਾਹ ਹੁੰਦਾ। ਵੱਡੇ ਗਾਹ ਨੂੰ ਸਲੰਘ ਨਾਲ ਅਤੇ ਛੋਟੇ ਨੂੰ ਤ੍ਰੰਗਲੀ ਨਾਲ ਫੋਲ ਕੇ ਗਾਹ ਬਣਾਇਆ ਜਾਂਦਾ ਜਿਸ ਕਰਕੇ ਦਾਣੇ ਗਾਹ ਦੇ ਥੱਲੇ ਤੂੜੀ ਹੇਠ ਚਲੇ ਜਾਂਦੇ। ਫਿਰ ਕਾਮੇ ਧੜ ਲਾ ਆਸੇ ਪਾਸੇ ਭਰੀਆਂ ਲਾ ਦਿੰਦੇ ਤਾਂ ਕਿ ਹਨ੍ਹੇਰੀ ਆਦਿ ਨਾਲ ਧੜ ਉੱਡ ਨਾ ਜਾਵੇ। ਅਗਲੇ ਦਿਨ ਉਡਾਵਾ ਕਾਮਾ ਛੱਜਲੀ ਲੈ ਕੇ ਆ ਜਾਂਦਾ। ਉਹ ਪੌਣ ਦੇਵਤੇ ਨੂੰ ਧਿਆਉਂਦੇ। ਕਿਸੇ ਭਲੇ ਦੇਵਤੇ ਦੇ ਪਹਿਰੇ 'ਤੇ ਬੈਠਣ ਦੀ ਅਰਜ਼ੋਈ ਕਰਦੇ ਤਾਂ ਕਿ ਹਵਾ ਰੁਮਕਦੀ ਰਹੇ ਤਾਂ ਕਿ ਉਹ ਛੱਜਲੀ ਭਰ ਭਰ ਉਡਾ ਦਾਣੇ ਅਤੇ ਤੂੜੀ ਅੱਡ ਕਰੀ ਜਾਣ। ਸ਼ਾਮ ਤੱਕ ਸੋਨੇ ਰੰਗੇ ਦਾਣਿਆਂ ਦਾ ਬੋਹਲ ਬਣਦਾ।

ਇਹੋ ਜਿਹੇ ਹੁੰਦੇ ਸਨ ਸਾਡੇ ਵੇਲੇ 'ਵਾਢੀਆਂ ਦੇ ਰੰਗਲੇ ਦਿਨ'।

# ਕਿਸਾਨ ਭਰਾਵੋ : ਅਗਲੇ ਸਾਲ ਲਈ ਆਲੂਆਂ ਦਾ ਰੋਗ ਰਹਿਤ ਬੀਜ ਸੰਭਾਲੋ

ਆਲੂਆਂ ਦੇ ਜ਼ਿਆਦਾਤਰ ਰੋਗ ਜਿਵੇਂ ਕਿ ਵਿਸ਼ਾਣੂੰ ਰੋਗ, ਪਿਛੇਤਾ ਝੁਲਸ ਰੋਗ, ਖਰੀਂਢ ਰੋਗ ਅਤੇ ਧੱਫੜੀ ਰੋਗ ਆਦਿ ਬੀਜ ਰਾਹੀਂ ਹੀ ਫੈਲਦੇ ਹਨ ਅਤੇ ਬੀਜ ਵਾਲੇ ਇਹ ਬਿਮਾਰ ਆਲੂ ਅਗਲੇ ਸਾਲ ਬਿਮਾਰੀ ਦੀ ਲਾਗ ਲਗਾਉਣ ਦਾ ਕੰਮ ਕਰਦੇ ਹਨ। ਇਸ ਲਈ ਬੀਜ ਵਾਲੇ ਆਲੂਆਂ ਨੂੰ ਕੋਲਡ ਸਟੋਰਾਂ ਵਿਚ ਰੱਖਣ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਅਤੇ ਰੋਗੀ ਆਲੂਆਂ ਦੀ ਛਾਂਟੀ ਕਰਨਾ ਬਹੁਤ ਜ਼ਰੂਰੀ ਹੈ।



ਪਿਛੇਤੇ ਝੁਲਸ ਰੋਗ ਦੇ ਹਮਲੇ ਨਾਲ ਆਲੂਆਂ ਉੱਪਰ ਭੂਰੇ ਰੰਗ ਦੇ ਦਾਗ ਪੈ ਜਾਂਦੇ ਹਨ ਜਿਨ੍ਹਾਂ ਨੂੰ ਆਮ ਤੌਰ 'ਤੇ ਪੱਥਰ ਦਾਗ ਵਾਲੇ ਆਲੂ ਵੀ ਕਿਹਾ ਜਾਂਦਾ ਹੈ ਖਰੀਂਢ ਰੋਗ ਨਾਲ ਪ੍ਰਭਾਵਿਤ ਆਲੂਆਂ ਉੱਤੇ ਉੱਲੀ ਦੀਆਂ ਕਾਲੇ ਰੰਗ ਦੀਆਂ ਮਗਰੋੜੀਆਂ ਬਣ ਜਾਂਦੀਆਂ ਹਨ ਜੋ ਇਸ ਤਰ੍ਹਾਂ ਜਾਪਦੀਆਂ ਹਨ ਜਿਵੇਂ ਆਲੂਆਂ ਤੇ ਕਾਲੇ ਰੰਗ ਦੀ ਮਿੱਟੀ ਜੰਮੀ ਹੋਵੇ ਜਿਹੜੀ ਕਿ ਧੋਣ ਨਾਲ ਨਹੀਂ ਉੱਤਰਦੀ। ਉੱਲੀ ਦੀਆਂ ਇਹ ਮਗਰੋੜੀਆਂ ਅਗਲੇ ਸਾਲ ਬਿਮਾਰੀ ਦੀ ਲਾਗ ਲਗਾਉਣ ਦਾ ਕਾਰਨ ਬਣਦੀਆਂ ਹਨ। ਧੱਫੜੀ ਰੋਗ ਦਾ ਹਮਲਾ ਹੁਸ਼ਿਆਰਪੁਰ, ਜਲੰਧਰ, ਮੋਹਾਲੀ, ਫਿਰੋਜ਼ਪੁਰ, ਬਠਿੰਡਾ ਆਦਿ ਜ਼ਿਲ੍ਹਿਆਂ ਦੇ ਕਿਸਾਨਾਂ ਦੇ ਖੇਤਾਂ ਵਿਚ ਕਾਫੀ ਵੇਖਣ ਨੂੰ ਮਿਲਿਆ। ਇਸ ਰੋਗ ਨਾਲ ਪ੍ਰਭਾਵਿਤ ਆਲੂਆਂ ਉੱਤੇ ਖੁਰਦਰੇ ਅਤੇ ਉੱਭਰਵੇਂ ਜਾਂ ਅੰਦਰ ਧਸੇ ਨਿਸ਼ਾਨ ਪੈ ਜਾਂਦੇ ਹਨ ਜੋ ਆਪਸ ਵਿਚ ਮਿਲ ਕੇ ਬੇਢਬੇ ਅਤੇ ਵੱਡੇ ਆਕਾਰ ਦੇ ਹੋ ਜਾਂਦੇ ਹਨ।

ਕਿਸਾਨ ਵੀਰੋ ! ਬੀਜ ਵਾਲੇ ਆਲੂਆਂ ਨੂੰ ਠੰਡੇ ਗੋਦਾਮਾਂ ਵਿਚ ਰੱਖਣ ਤੋਂ ਪਹਿਲਾਂ ਇਨ੍ਹਾਂ ਵਿਚੋਂ ਪਿਛੇਤੇ ਝੁਲਸ ਰੋਗ ਵਾਲੇ ਦਾਗੀ ਆਲੂ ਛਾਂਟ ਕੇ ਨਸ਼ਟ ਕਰ ਦਿਓ ਕਿਉਂਕਿ ਠੰਡੇ ਗੋਦਾਮਾਂ ਵਿਚ ਅਜਿਹੇ ਆਲੂਆਂ ਦੀ ਬਿਮਾਰੀ ਦੀ ਉੱਲੀ ਸੁਪਤ ਅਵਸਥਾ ਵਿਚ ਪਈ ਰਹਿੰਦੀ ਹੈ ਅਤੇ ਅਗਲੇ ਸਾਲ ਇਹ ਆਲੂ ਬਿਮਾਰੀ ਲਗਾਉਣ ਦਾ ਮੁੱਖ ਕਾਰਨ ਬਣਦੇ ਹਨ।

ਇਸ ਤੋਂ ਇਲਾਵਾ ਧੱਫਵੀ ਅਤੇ ਖਰੀਂਡ ਦੀ ਬਿਮਾਰੀ ਜ਼ਮੀਨ ਵਿਚ ਅਤੇ ਰੋਗੀ ਆਲੂਆਂ ਤੇ ਪਲਦੀ ਰਹਿੰਦੀ ਹੈ। ਅਜਿਹੇ ਰੋਗੀ ਆਲੂਆਂ ਦੀ ਬਿਜਾਈ ਕਰਨ ਨਾਲ ਇਨ੍ਹਾਂ ਬਿਮਾਰੀਆਂ ਦਾ ਜ਼ਮੀਨ ਵਿਚ ਵਾਧਾ ਹੋ ਜਾਂਦਾ ਹੈ। ਇਸ ਕਰਕੇ ਕਿਸਾਨ ਭਰਾਵਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਬੀਜ ਵਾਲੇ ਆਲੂਆਂ ਨੂੰ ਗੋਦਾਮਾਂ ਵਿਚ ਰੱਖਣ ਤੋਂ ਪਹਿਲਾਂ ਬਿਮਾਰੀ ਵਾਲੇ ਆਲੂਆਂ ਨੂੰ ਛਾਂਟ ਕੇ ਮੰਡੀ ਵਿਚ ਵੇਚ ਦੇਣ। ਇਸ ਤਰ੍ਹਾਂ ਕਰਨ ਨਾਲ ਬੀਜ ਰਾਹੀਂ ਲੱਗਣ ਵਾਲੀਆਂ ਇਨ੍ਹਾਂ ਬਿਮਾਰੀਆਂ ਦੀ ਲਾਗ ਨੂੰ ਘਟਾਇਆ ਜਾ ਸਕਦਾ ਹੈ। ਧੱਫੜੀ ਰੋਗ ਨਾਲ ਪ੍ਰਭਾਵਿਤ ਖੇਤਾਂ ਵਿਚ ਮੂੰਗੀ ਬੀਜੋ ਅਤੇ ਫਸਲ ਪੱਕਣ ਉਪਰੰਤ ਫਲੀਆਂ ਤੋੜ ਕੇ ਇਸ ਦੀ ਹਰੀ ਖਾਦ ਕਰੋ। ਇਸ ਤੋਂ ਇਲਾਵਾ ਬੀਜ ਵਾਲੇ ਆਲੂਆਂ ਵਿੱਚੋਂ ਰੋਗੀ ਆਲੂਆਂ ਨੂੰ ਛਾਂਟ ਕੇ ਠੰਡੇ ਗੋਦਾਮਾਂ ਵਿਚ ਸੰਭਾਲਣ ਨਾਲ ਇਹ ਬਿਮਾਰੀਆਂ ਅੱਗੋਂ ਨਵੇਂ ਖੇਤਾਂ ਜਾਂ ਖੇਤਰ ਵਿਚ ਨਹੀਂ ਫੈਲਣਗੀਆਂ।

**ਪੀ. ਐੱਸ. ਸੰਧੂ, ਪਲਾਂਟ ਪੈਥੋਲੋਜੀ ਵਿਭਾਗ, ਮੋ. 98555-19676**

# ਪੱਕੀ ਕਣਕ ਨੂੰ ਅੱਗ ਦੇ ਹਾਦਸਿਆਂ ਤੋਂ ਕਿਵੇਂ ਬਚਾਈਏ

ਅਜੈਬ ਸਿੰਘ, ਸ਼ਿਵ ਕੁਮਾਰ ਲੋਹਾਨ ਅਤੇ ਮਹੇਸ਼ ਕੁਮਾਰ ਨਾਰੰਗ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ

★ ਹਮੇਸ਼ਾਂ ਪੂਰੀ ਤਰ੍ਹਾਂ ਤਿਆਰ ਕਣਕ ਦੀ ਫਸਲ ਦੀ ਹੀ ਵਾਢੀ ਕਰੋ ।

★ ਤੂੜੀ ਵਾਲੀ ਮਸ਼ੀਨ ਅਤੇ ਕੰਬਾਈਨ ਹਮੇਸ਼ਾ ਦਿਨ ਦੇ ਸਮੇਂ ਚਲਾਉਂਣੀ ਚਾਹੀਦੀ ਹੈ ਅਤੇ ਇਹਨਾਂ ਨੂੰ ਰਾਤ ਤੇ ਤੜਕੇ ਸਵੇਰੇ ਚਲਾਉਣ ਤੋਂ ਗੁਰੇਜ਼ ਕਰੋ । ਟਰਾਂਸਫਾਰਮਰ ਅਤੇ ਬਿਜਲੀ ਦੇ ਖੰਬਿਆਂ ਦੇ ਆਲੇ ਦੁਆਲੇ ਕਣਕ ਦੀ ਫਸਲ ਨੂੰ ਹੱਥੀਂ ਕੱਟ ਕੇ ਉਸ ਜਗ੍ਹਾ ਨੂੰ ਸਾਫ ਕਰ ਲੈਣਾ ਚਾਹੀਦਾ ਹੈ ਤਾਂ ਜੋ ਅੱਗ ਲੱਗਣ ਦੇ ਖਤਰੇ ਤੋਂ ਬਚਾਅ ਹੋ ਸਕੇ ।

★ ਬਿਜਲੀ ਮਹਿਕਮੇ ਦੀ ਮਦਦ ਨਾਲ ਢਿੱਲੀਆਂ ਬਿਜਲੀ ਦੀ ਤਾਰਾਂ ਨੂੰ ਕੱਸ ਲੈਣਾ ਚਾਹੀਦਾ ਹੈ ।

★ ਕੰਬਾਈਨ ਚਾਲਕ ਨੂੰ ਕੰਬਾਈਨ ਚਲਾਉਂਦੇ ਸਮੇ ਖੇਤਾਂ ਵਿਚ ਜਾਂ ਆਵਾਜਾਈ ਦੌਰਾਨ ਢਿੱਲੀਆਂ ਤਾਰਾਂ ਦਾ ਖਿਆਲ ਰੱਖੋ ।

★ ਬਿਜਲੀ ਮਹਿਕਮੇ ਨੂੰ ਟਰਾਂਸਫਾਰਮਰ ਅਤੇ ਬਿਜਲੀ ਦੀਆਂ ਤਾਰਾਂ ਵਿਚੋਂ ਚੰਗਿਆੜੀਆਂ ਨਿਕਲਣ ਬਾਬਤ ਸੂਚਿਤ ਕਰੋ ।

★ ਜੇ ਕੋਈ ਕਣਕ ਨੂੰ ਅੱਗ ਲੱਗਣ ਦਾ ਹਾਦਸਾ ਹੋ ਜਾਵੇ ਤਾਂ ਅੱਗ ਨੂੰ ਬੁਝਾਉਣ ਲਈ ਪਾਣੀ ਦਾ ਸੁਚੱਜਾ ਪ੍ਰਬੰਧ ਰੱਖੋ ।

★ ਚਾਰ ਜਾਂ ਖਾਣਾ ਬਣਾਉਣ ਵਾਲਾ ਚੁੱਲ੍ਹਾ ਖੇਤਾਂ ਤੋਂ ਦੂਰ ਹੋਣਾ ਚਾਹੀਦਾ ਹੈ ।

★ ਕਣਕ ਦੀ ਕਟਾਈ ਸਮੇਂ ਬੀੜੀ ਸਿਗਰੇਟ ਨਹੀਂ ਪੀਣੀ ਚਾਹੀਦੀ ।

★ ਕਣਕ ਦੇ ਬੱਚੇ ਨਾੜ ਨੂੰ ਖੇਤ ਵਿਚ ਹੀ ਮਿਲਾ ਦਿਓ, ਜਿਸ ਨਾਲ ਜ਼ਮੀਨ ਦੀ ਸਿਹਤ ਵਧੀਆ ਰਹਿੰਦੀ ਹੈ ।

★ ਅੱਗ ਨੂੰ ਫੈਲਣ ਤੋਂ ਰੋਕਣ ਲਈ ਖੇਤ ਦੇ ਕੁਝ ਹਿੱਸੇ ਨੂੰ ਵਾਹ ਲੈਣਾ ਚਾਹੀਦਾ ਹੈ ਅਤੇ ਇਸ ਹਿੱਸੇ ਤੇ ਕੋਈ ਵੀ ਸੁੱਕਾ ਘਾਹ ਜਾਂ ਨਾੜ ਨਹੀਂ ਹੋਣਾ ਚਾਹੀਦਾ ।

★ ਅੱਗ ਨੂੰ ਫੈਲਣ ਤੋਂ ਰੋਕਣ ਲਈ ਖਾਲਾਂ ਵਿਚ ਪਾਣੀ ਦੇ ਕੇ ਰੱਖੋ ।

★ ਸਾਇਲੈਂਸਰ ਤੋਂ ਬਾਅਦ ਸਪਾਰਕ ਐਰਸਟਰ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਨਾਲ ਕੋਈ ਵੀ ਚੰਗਿਆੜੀ ਪੈਦਾ ਨਾ ਹੋ ਸਕੇ ।

★ ਹਮੇਸ਼ਾਂ ਹੀ ਸਾਇਲੈਂਸਰ ਦਾ ਮੂੰਹ ਖੜ੍ਹੀ ਫਸਲ ਵੱਲ ਨਹੀਂ ਰੱਖਣਾ ਚਾਹੀਦਾ ।

★ ਟਰੈਕਟਰ ਤੇ ਮਸ਼ੀਨਾਂ ਨੂੰ ਹਮੇਸ਼ਾਂ ਸਾਫ ਰੱਖਣਾ ਚਾਹੀਦਾ ਹੈ ।


★ ਡੀਜ਼ਲ ਟੈਂਕੀ ਵਿੱਚ ਡੀਜ਼ਲ ਪਾ ਲੈਣ ਤੋਂ ਤੁਰੰਤ ਬਾਅਦ ਹਮੇਸ਼ਾਂ ਟੈਂਕੀ ਨੂੰ ਸਾਫ ਕੱਪੜੇ ਨਾਲ ਸਾਫ ਕਰ ਲੈਣਾ ਚਾਹੀਦਾ ਹੈ ।

★ ਅੱਗ ਤੇ ਕਾਬੂ ਪਾਉਣ ਵਾਲੇ ਅੱਗ ਬੁਝਾਉਣ ਵਾਲੇ ਯੰਤਰ ਹੋਣੇ ਚਾਹੀਦੇ ਹਨ ।

★ ਟਿਊਬਵੈੱਲ ਵਾਲੀ ਮੋਟਰ ਚੱਲਣ ਹਾਲਤ ਵਿਚ ਹੋਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਸਮੇਂ ਪਾਣੀ ਉਪਲੱਬਧ ਕੀਤਾ ਜਾ ਸਕੇ ।

★ ਫਾਇਰ ਬ੍ਰਿਗੇਡ ਵਾਲਿਆਂ ਦੇ ਸੰਪਰਕ ਨੰਬਰ ਰੱਖਣੇ ਚਾਹੀਦੇ ਹਨ ।

★ ਥਰੈਸ਼ਰਾਂ ਰਾਹੀਂ ਗਹਾਈ ਕਰਦੇ ਸਮੇਂ ਕਣਕ ਪੂਰੀ ਤਰ੍ਹਾਂ ਪੱਕੀ ਹੋਣੀ ਚਾਹੀਦੀ ਹੈ ।





# ਪੰਜਾਬ ਵਿੱਚ ਮੱਠਾ ਚੋਣ ਪ੍ਰਚਾਰ

**ਪੰਜਾਬੀਆਂ ਨੂੰ ਇਸ ਵਾਰ ਚਾਹੀਦਾ ਹੈ ਕਿ ਪਾਰਟੀ ਨੂੰ ਨਹੀਂ ਸਗੋਂ ਉਮੀਦਵਾਰ ਦੇ ਗੁਣਾਂ ਨੂੰ ਵੇਖ ਵੋਟ ਪਾਈ ਜਾਵੇ । ਉਨ੍ਹਾਂ ਇਮਾਨਦਾਰ ਅਤੇ ਸੂਝਵਾਨ ਉਮੀਦਵਾਰ ਨੂੰ ਚੁਣਿਆ ਜਾਵੇ ਜਿਨ੍ਹਾਂ ਨੂੰ ਪੰਜਾਬ ਦਾ ਦਰਦ ਹੋਵੇ । ਜਿਹੜੇ ਕੇਵਲ ਆਪਣੇ ਬਾਰੇ ਹੀ ਨਾ ਸੋਚਣ ਸਗੋਂ ਪੰਜਾਬ ਅਤੇ ਪੰਜਾਬੀਆਂ ਬਾਰੇ ਸੋਚ । ਚੁਣੇ ਗਏ ਮੈਂਬਰਾਂ ਨੂੰ ਵੀ ਚਾਹੀਦਾ ਹੈ ਕਿ ਪਾਰਟੀਬਾਜ਼ੀ ਤੋਂ ਉੱਪਰ ਉਠ ਇਕ ਜੁੱਟ ਹੋ ਕੇ ਪੰਜਾਬ ਦੇ ਮੁੱਦਿਆਂ ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਵੇ । ਦਲੀਲਾਂ ਸਹਿਤ ਪੰਜਾਬ ਦੀ ਲੋੜਾਂ ਦਾ ਵਖਿਆਨ ਕੀਤਾ ਜਾਵੇ ਤਾਂ ਜੋ ਪੰਜਾਬ ਨੂੰ ਮੁੜ ਆਪਣੇ ਪੈਰਾਂ ਉੱਤੇ ਖੜਾ ਕੀਤਾ ਜਾ ਸਕੇ । ਦੇਸ਼ ਦਾ ਪਹਿਲੇ ਨੰਬਰ ਉੱਤੇ ਰਹਿਣ ਵਾਲਾ ਸੂਬਾ ਹੁਣ ਹੇਠਾਂ ਆ ਗਿਆ ਹੈ । ਇਸ ਦੀ ਸਭ ਤੋਂ ਵਧ ਜ਼ੁੰਮੇਵਾਰੀ ਸਾਡੇ ਆਗੂਆਂ ਉੱਤੇ ਜਾਂਦੀ ਹੈ ।**



ਡਾ. ਰਣਜੀਤ ਸਿੰਘ

ਲੋਕ ਸਭਾ ਚੋਣਾਂ ਦੇ ਐਲਾਨ ਪਿਛੋਂ ਜਿਥੇ ਸਾਰੇ ਦੇਸ਼ ਵਿਚ ਚੋਣ ਪ੍ਰਚਾਰ ਵਿਚ ਤੇਜ਼ੀ ਆਈ ਹੈ ਉਥੇ ਪੰਜਾਬ ਵਿਚ ਚੋਣ ਪ੍ਰਚਾਰ ਵਿਚ ਤੇਜ਼ੀ ਨਹੀਂ ਆਈ ਹੈ । ਇਸ ਦੇ ਕਈ ਕਾਰਨ ਹੋ ਸਕਦੇ ਹਨ । ਪਹਿਲਾ ਕਾਰਨ ਇਹ ਹੈ ਕਿ ਪੰਜਾਬ ਵਿਚ ਵੋਟਾਂ ਚੋਣਾਂ ਦੇ ਆਖਰੀ ਦਿਨ ਭਾਵ ਇਕ ਜੂਨ ਨੂੰ ਪੈਣੀਆਂ ਹਨ, ਦੂਜਾ ਸੂਬੇ ਦੀ ਮੁੱਖ ਫਸਲ ਕਣਕ ਦੀ ਵਾਢੀ ਸ਼ੁਰੂ ਹੋ ਗਈ ਹੈ । ਬਹੁਤੇ ਪੰਜਾਬੀਆਂ ਦੀ ਆਰਥਿਕਤਾ ਦਾ ਧੁਰਾ ਇਹੋ ਫਸਲ ਹੈ । ਸਰਕਾਰ ਦਾ ਵੀ ਬਹੁਤ ਧਿਆਨ ਕਣਕ ਦੀ ਸੁਚੱਜੀ ਖਰੀਦ ਵਿਵਸਥਾ ਕਰਨ ਵਲ ਲੱਗਾ ਹੋਇਆ ਹੈ । ਤੀਜਾ ਕਾਰਨ ਸੂਬੇ ਵਿਚ ਬਣੀ ਹੋਣੀ ਰਾਜਨੀਤਕ ਅਸਥਿਰਤਾ ਨੂੰ ਮੰਨਿਆ ਜਾ ਸਕਦਾ ਹੈ । ਪੰਜਾਬ ਵਿਚ ਸਭ ਤੋਂ ਵੱਧ ਉਤਸ਼ਾਹ ਸੱਤਾਧਾਰੀ ਆਮ ਆਦਮੀ ਪਾਰਟੀ ਵਿਚ ਹੀ ਸੀ । ਇਸ ਨੇ ਸਭ ਤੋਂ ਪਹਿਲਾਂ ਅੱਠ ਉਮੀਦਵਾਰਾਂ ਦਾ ਐਲਾਨ ਕੀਤਾ ਸੀ । ਇਸ ਨੂੰ ਆਪਣੇ ਆਪ ਉੱਤੇ ਇਤਨਾ ਭਰੋਸਾ ਸੀ ਕਿ ਪੰਜਾਬ ਨੂੰ ਇੰਡੀਆ ਗੱਠਜੋੜ ਤੋਂ ਬਾਹਰ ਰੱਖਿਆ ਸੀ । ਆਪਣੇ ਉਮੀਦਵਾਰਾਂ ਵਿਚ ਆਪ ਨੇ ਆਪਣੇ ਪੰਜ ਸਭ ਤੋਂ ਸਰਗਰਮ ਵਜ਼ੀਰਾਂ ਨੂੰ ਦੋਣ ਵਿਚ ਉਤਾਰਿਆ ਸੀ ਪਰ ਇਨ੍ਹਾਂ ਦੇ ਨੇਤਾ ਕੇਜਰੀਵਾਲ ਦੀ ਗ੍ਰਿਫਤਾਰੀ ਪਿੱਛੋਂ ਪਾਰਟੀ ਦਾ ਸਾਰਾ ਧਿਆਨ ਚੋਣਾਂ ਵੱਲੋਂ ਹਟ ਕੇ ਉਸ ਦੀ ਗ੍ਰਿਫਤਾਰੀ ਵੱਲ ਹੋ ਗਿਆ । ਪੰਜ ਵਜ਼ੀਰਾਂ ਨੂੰ ਚੋਣ ਦੰਗਲ ਵਿਚ ਉਤਾਰਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਸ ਕੋਲ ਜੇਤੂ ਉਮੀਦਵਾਰਾਂ ਦੀ ਘਾਟ ਹੈ । ਮੌਜੂਦਾ ਸਮੇਂ ਪਾਰਲੀਮੈਂਟ ਵਿਚ ਆਪ ਦਾ ਇੱਕੋ ਇਕ ਮੈਂਬਰ ਸੀ ਜਿਹੜਾ ਕਿ ਪੰਜਾਬ ਤੋਂ ਹੈ । ਪਰ ਉਸ ਨੂੰ ਆਪ ਵੱਲੋਂ ਉਮੀਦਵਾਰ ਐਲਾਨੇ ਜਾਣ ਪਿੱਛੋਂ ਵੀ ਉਸ ਆਪ ਨੂੰ ਤਿਆਗ ਬੀ ਜੇ ਪੀ ਦਾ ਪੱਲੂ ਫੜ ਲਿਆ ਹੈ । ਕੇਜਰੀਵਾਲ ਦੀ ਗ੍ਰਿਫਤਾਰੀ ਪਿੱਛੋਂ ਪੰਜਾਬ ਵਿਚ ਆਪ ਨੂੰ ਇਹ ਇਕ ਹੋਰ ਵੱਡਾ ਝਟਕਾ ਹੈ । ਪੰਜਾਬ ਵਿਚ ਮੁਫਤ ਦਿੱਤੀ ਜਾ ਰਹੀ ਬਿਜਲੀ ਦੇ ਆਧਾਰ ਉੱਤੇ ਇਹ ਸੋਚਿਆ ਜਾ ਰਿਹਾ ਸੀ ਕਿ ਪਾਰਟੀ ਪੰਜਾਬ ਰਾਹੀਂ ਪਾਰਲੀਮੈਂਟ ਵਿਚ ਆਪਣੀ ਹੋਂਦ ਬਣਾ ਸਕੇਗੀ । ਉਸ ਨੂੰ ਉਮੀਦ ਸੀ ਕਿ ਉਹ ਤੇਰਾਂ ਵਿਚੋਂ ਦਸ ਸੀਟਾਂ ਤਾਂ ਜ਼ਰੂਰ ਜਿੱਤ ਲਵੇਗੀ । ਪਰ ਮੌਜੂਦਾ ਸਥਿਤੀ ਨੇ ਇਹ ਸੋਚ ਉੱਤੇ ਰੋਕ ਲਗਾ ਦਿੱਤੀ ਹੈ । ਲੋਕ ਸਭਾ ਚੋਣਾਂ ਵਿਚ ਆਪ ਹੀ ਕਾਰਗੁਜ਼ਾਰੀ ਨੂੰ ਕੇਜਰੀਵਾਲ ਦੀ ਗ੍ਰਿਫਤਾਰੀ ਜ਼ਰੂਰ ਪ੍ਰਭਾਵਿਤ ਕਰੇਗੀ । ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਬੇਕਸੂਰ ਹੈ ਤਾਂ ਵੋਟਰਾਂ ਦੀ ਹਮਦਰਦੀ ਪ੍ਰਾਪਤ ਹੋ ਜਾਵੇਗੀ ਪਰ ਜੇਕਰ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਪਾਰਟੀ ਨੂੰ ਵੱਡਾ ਝਟਕਾ ਲਗ ਸਕਦਾ ਹੈ ।

ਦੂਜੀਆਂ ਮੁੱਖ ਪਾਰਟੀਆਂ ਦੀ ਸਥਿਤੀ ਵੀ ਡਾਂਵਾਂਡੋਲ ਹੈ । ਇਸ ਸਮੇਂ ਕਾਂਗਰਸ ਦੇ ਹੀ ਪੰਜਾਬ ਵੱਲੋਂ ਸਭ ਤੋਂ ਵੱਧ ਮੈਂਬਰ ਹਨ । ਪਰ ਬਦਕਿਸਮਤੀ ਨਾਲ ਇਸ ਦੇ ਸਿਰਕੱਢ ਆਗੂ ਪਾਰਟੀ ਦਾ ਪੱਲਾ ਛੱਡ ਬੀਜੇਪੀ ਵਿਚ ਸ਼ਾਮਿਲ ਹੋ ਰਹੇ ਹਨ । ਦੋ ਮੌਜੂਦਾ ਮੈਂਬਰ ਪ੍ਰਨੀਤ ਕੌਰ ਅਤੇ ਬਿੱਟੂ ਬੀਜੇਪੀ ਦੀ ਝੋਲੀ ਵਿਚ ਚਲੇ ਗਏ ਹਨ । ਕਈ ਪ੍ਰਭਾਵਸ਼ਾਲੀ ਆਗੂ ਜਿਵੇਂ ਕਿ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਚੱਬੇਵਾਲ ਦੀ ਕਾਂਗਰਸ ਛੱਡ ਬੀਜੇਪੀ ਵਿਚ ਜਾ ਚੁੱਕੇ ਹਨ । ਇਸੇ ਕਰਕੇ ਕਾਂਗਰਸ ਵੱਲੋਂ ਪੰਜਾਬ ਵਿਚ ਉਮੀਦਵਾਰਾਂ ਦੇ ਨਾਵਾਂ ਦੇ ਐਲਾਨ ਵਿਚ ਦੇਰੀ ਹੋ ਰਹੀ ਹੈ । ਜਦੋਂ ਤੱਕ ਨਾਵਾਂ ਦਾ ਐਲਾਨ ਨਹੀਂ ਹੁੰਦਾ ਉਦੋਂ ਤੱਕ ਚੋਣ ਪ੍ਰਚਾਰ ਵੀ ਸ਼ੁਰੂ ਨਹੀਂ ਹੋ ਸਕਦਾ । ਵੱਡੇ ਆਗੂ ਉਨ੍ਹਾਂ ਸੂਬਿਆਂ ਲਈ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਹਨ ਜਿੱਥੇ ਪਹਿਲਾਂ ਵੋਟਾਂ ਪੈਣੀਆਂ ਹਨ । ਇਸ ਸਮੇਂ ਪੰਜਾਬ ਵਿਚ ਕਾਂਗਰਸ ਦੇ ਹੀ ਸਭ ਤੋਂ ਵੱਧ ਮੈਂਬਰ ਪਾਰਲੀਮੈਂਟ ਵਿਚ ਹਨ ਪਰ ਮੌਜੂਦਾ ਸਥਿਤੀ ਨੂੰ ਵੇਖਦਿਆਂ ਹੋਇਆ ਇੰਝ ਜਾਪਦਾ ਹੈ ਕਿ ਜਿਵੇਂ ਕਾਂਗਰਸ ਇਨ੍ਹਾਂ ਸਾਰੀਆਂ ਸੀਟਾਂ ਉੱਤੇ ਪ੍ਰਾਪਤ ਨਹੀਂ ਕਰ ਸਕੇਗੀ । ਇਸ ਦਾ ਲਾਭ ਬੀਜੇ ਪੀ ਆਮ ਆਦਮੀ ਪਾਰਟੀ ਨੂੰ ਹੋ ਸਕਦਾ ਹੈ । ਕਾਂਗਰਸ ਕਿਤਨੀਆਂ ਕੁ ਸੀਟਾਂ ਜਿੱਤੇਗੀ ਇਹ ਉਮੀਦਵਾਰਾਂ ਦੀ ਚੋਣ ਅਤੇ ਪਾਰਟੀ ਵਿਚ ਏਕਤਾ ਉੱਤੇ ਨਿਰਭਰ ਕਰਦਾ ਹੈ ਪਰ ਇੰਝ ਜਾਪਦਾ ਹੈ ਕਿ ਪੰਜਾਬ ਵਿਚ ਕਾਂਗਰਸ ਘਾਟੇ ਵਿਚ ਹੀ ਰਹੇਗੀ । ਬੀਜੇਪੀ ਅਤੇ ਅਕਾਲੀ ਦਲ ਨੇ ਵੀ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਕਿਉਂਕਿ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਦੋਵਾਂ ਪਾਰਟੀਆਂ ਵਿਚ ਸਮਝੌਤਾ ਹੋ ਜਾਵੇਗਾ ਪਰ ਹੁਣ ਇਹ ਸਾਫ ਹੋ ਗਿਆ ਹੈ ਕਿ ਬੀਜੇਪੀ ਪੰਜਾਬ ਆਗੂ ਅਜੇਹਾ ਨਹੀਂ ਚਾਹੁੰਦੇ ਇੰਝ ਹੁਣ ਸ਼ਾਇਦ ਇਹ ਸਮਝੌਤਾ ਨਾ ਹੋ ਸਕੇ । ਉਂਝ ਵੀ ਕਿਸਾਨ ਅੰਦੋਲਨ ਦੇ ਚਲਦੇ ਸ਼੍ਰੋਮਣੀ ਅਕਾਲੀ ਦਲ ਵੀ ਇਹ ਸਮਝੌਤਾ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਵਿਚਾਰ ਕਰੇਗਾ । ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਵਿਚ ਕੋਈ ਬਹੁਤ ਸੁਧਾਰ ਨਹੀਂ ਹੋਇਆ । ਪੂਰੀ ਕੋਸ਼ਿਸ਼ ਕਰਨ ਪਿਛੋਂ ਵੀ ਤਿੰਨ ਕੁ ਥਾਵਾਂ ਉੱਤੇ ਜਿੱਤ ਪ੍ਰਾਪਤ ਹੋ ਸਕਦੀ ਹੈ ।

ਸੰਗਰੂਰ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੋ ਵਾਰ ਜਿੱਤ ਪ੍ਰਾਪਤ ਕੀਤੀ ਸੀ ਪਰ ਉਨ੍ਹਾਂ ਦੇ ਮੁੱਖ ਮੰਤਰੀ ਪਿਛੋਂ ਹੋਈ ਚੋਣ ਵਿਚ ਜਿੱਤ ਸਿਮਰਨਜੀਤ ਸਿੰਘ ਮਾਨ ਦੀ ਹੋਈ ਸੀ । ਮਾਨ ਦੇ ਅਕਾਲੀ ਦਲ ਨੇ ਕਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ ਪਰ ਜੇਕਰ ਉਹ ਆਪਣੀ ਸੀਟ ਉੱਤੇ ਮੁੜ ਜਿੱਤ ਪ੍ਰਾਪਤ ਕਰ ਲੈਂਦੇ ਹਨ ਤਾਂ ਵੱਡੀ ਪ੍ਰਾਪਤੀ ਹੋਵੇਗੀ ।

ਇਹ ਵੀ ਵੇਖਣ ਵਿਚ ਆਇਆ ਹੈ ਕਿ ਪੰਜਾਬ ਤੋਂ ਜਿਹੜੇ ਲੀਡਰ ਚੋਣ ਜਿਤ ਕੇ ਪਾਰਲੀਮੈਂਟ ਵਿਚ ਜਾਂਦੇ ਹਨ ਉਨ੍ਹਾਂ ਦੀ ਕਾਰਗੁਜ਼ਾਰੀ ਕੋਈ ਬਹੁਤੀ ਵਧੀਆ ਨਹੀਂ ਰਹੀ ਹੈ । ਕਈ ਮੈਂਬਰ ਤਾਂ ਅਜੇਹੇ ਹਨ ਕਿ ਉਸ ਮੁੱਚੇ ਮੂੰਹ ਹੀ ਪੰਜ ਸਾਲ ਪੂਰੇ ਕਰ ਲੈਂਦੇ ਹਨ । ਪੰਜਾਬ ਦਾ ਦੇਸ਼ ਦਾ ਵਿਸ਼ੇਸ਼ ਮਹੱਤਤਾ ਵਾਲਾ ਸਰਹੱਦੀ ਸੂਬਾ ਹੈ । ਦੇਸ਼ ਵਿਚੋਂ ਭੁੱਖਮਰੀ ਨੂੰ ਦੂਰ ਕਰਨ ਅਤੇ ਸਰਹੱਦਾਂ ਦੀ ਰਾਖੀ ਕਰਨ ਵਿਚ ਮੂਹਰਲੀ ਕਤਾਰ ਵਿਚ ਆਉਂਦਾ ਹੈ । ਪਰ ਇਹ ਵੀ ਸੱਚ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਨੂੰ ਜਿਹੜਾ ਧਿਆਨ ਦੇਣਾ ਚਾਹੀਦਾ ਸੀ ਉਹ ਨਹੀਂ ਦਿੱਤਾ ਗਿਆ । ਪੰਜਾਬੀਆਂ ਨੂੰ ਆਜ਼ਾਦੀ ਵਿਚੋਂ ਵੰਡ ਸਮੇਂ ਵੱਡਾ ਸੰਤਾਪ ਭੋਗਿਆ ਪਰ ਫਿਰ ਵੀ ਪੈਰ ਲਗਦਿਆਂ ਹੀ ਉਨ੍ਹਾਂ ਪੰਜਾਬ ਨੂੰ ਦੇਸ਼ ਦਾ ਸਭ ਤੋਂ ਖੁਸ਼ਹਾਲ ਸੂਬਾ ਬਣਾ ਦਿੱਤਾ । ਇਸ ਕਰਕੇ ਕੇਂਦਰ ਸਰਕਾਰ ਨੂੰ ਪੰਜਾਬ ਲਈ ਦੇਸ਼ ਦੇ ਦੂਜਿਆਂ ਸੂਬਿਆਂ ਵਿਸ਼ੇਸ਼ ਕਰਕੇ ਹਿੰਦੀ ਬੈਲਟ ਦੇ ਸੂਬਿਆਂ ਤੋਂ ਵੱਖਰੀ ਯੋਜਨਾ ਚਾਹੀਦੀ ਸੀ ਪਰ ਅਜੇਹਾ ਨਹੀਂ ਹੋਇਆ । ਪੰਜਾਬ ਉੱਤੇ ਵੀ ਉਹੋ ਸਕੀਮਾਂ ਥੋਪੀਆਂ ਗਈਆਂ ਜਿਹੜੀਆਂ ਦੂਜੇ ਸੂਬਿਆਂ ਦੇ ਵਿਕਾਸ ਲਈ ਸਨ । ਇਨ੍ਹਾਂ ਦਾ ਪੰਜਾਬ ਨੂੰ ਕੋਈ ਲਾਭ ਨਹੀਂ ਹੋਇਆ ਕਿਉਂਕਿ ਪੰਜਾਬ ਤਾਂ ਉਹ ਸਭ ਕੁੱਝ ਪਹਿਲਾਂ ਹੀ ਕਰ ਚੁੱਕਾ ਸੀ । ਪੰਜਾਬ ਦੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਸੀ । ਪਿੰਡਾਂ ਦੀਆਂ ਸੜਕਾਂ, ਗਲੀਆਂ ਪੱਕੀਆਂ ਹੋ ਗਈਆਂ ਸਨ, ਪਿੰਡਾਂ ਵਿਚ ਬਿਜਲੀ ਪੁੱਜ ਗਈ ਸੀ । ਪੀਣ ਦੇ ਪਾਣੀ ਦਾ ਪ੍ਰਬੰਧ ਸੀ, ਮੰਡੀਆਂ ਦਾ ਵੀ ਵਧੀਆ ਢਾਂਚਾ ਵਿਕਸਤ ਹੋ ਗਿਆ ਸੀ । ਪੰਜਾਬ ਦੇ ਸਕੂਲਾਂ ਨੂੰ ਦੁਪਹਿਰ ਦੇ ਭੋਜਨ ਦੀ ਥਾਂ ਪੂਰੇ ਅਧਿਆਪਕਾਂ ਦੀ ਲੋੜ ਸੀ । ਖੇਤੀ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਅੱਗੇ ਰੁਝੇਵਿਆਂ ਭਰੀ ਖੇਤੀ ਵਲ ਲੈ ਕੇ ਜਾਣ ਦੀ ਲੋੜ ਸੀ । ਪਰ ਪਾਰਲੀਮੈਂਟ ਵਿਚ ਸ਼ਾਇਦ ਹੀ ਕਿਸੇ ਮੈਂਬਰ ਨੇ ਅਜੇਹੇ ਮਸਲਿਆਂ ਬਾਰੇ ਚਰਚਾ ਕੀਤੀ ਹੋਵੇ । ਪੰਜਾਬ ਦੇ ਵਿਕਾਸ ਲਈ ਵੱਖਰੇ ਢਾਂਚੇ ਬਾਰੇ ਵਿਚਾਰ ਅਤੇ ਖਾਕਾ ਸ਼ਾਇਦ ਹੀ ਕਿਸੇ ਨੇ ਪੇਸ਼ ਕੀਤਾ ਹੋਵੇ ।

ਪੰਜਾਬੀਆਂ ਨੂੰ ਇਸ ਵਾਰ ਚਾਹੀਦਾ ਹੈ ਕਿ ਪਾਰਟੀ ਨੂੰ ਨਹੀਂ ਸਗੋਂ ਉਮੀਦਵਾਰ ਦੇ ਗੁਣਾਂ ਨੂੰ ਵੇਖ ਵੋਟ ਪਾਈ ਜਾਵੇ । ਉਨ੍ਹਾਂ ਇਮਾਨਦਾਰ ਅਤੇ ਸੂਝਵਾਨ ਉਮੀਦਵਾਰ ਨੂੰ ਚੁਣਿਆ ਜਾਵੇ ਜਿਨ੍ਹਾਂ ਨੂੰ ਪੰਜਾਬ ਦਾ ਦਰਦ ਹੋਵੇ । ਜਿਹੜੇ ਕੇਵਲ ਆਪਣੇ ਬਾਰੇ ਹੀ ਨਾ ਸੋਚਣ ਸਗੋਂ ਪੰਜਾਬ ਅਤੇ ਪੰਜਾਬੀਆਂ ਬਾਰੇ ਸੋਚ । ਚੁਣੇ ਗਏ ਮੈਂਬਰਾਂ ਨੂੰ ਵੀ ਚਾਹੀਦਾ ਹੈ ਕਿ ਪਾਰਟੀਬਾਜ਼ੀ ਤੋਂ ਉੱਪਰ ਉਠ ਇਕ ਜੁੱਟ ਹੋ ਕੇ ਪੰਜਾਬ ਦੇ ਮੁੱਦਿਆਂ ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਵੇ । ਦਲੀਲਾਂ ਸਹਿਤ ਪੰਜਾਬ ਦੀ ਲੋੜਾਂ ਦਾ ਵਖਿਆਨ ਕੀਤਾ ਜਾਵੇ ਤਾਂ ਜੋ ਪੰਜਾਬ ਨੂੰ ਮੁੜ ਆਪਣੇ ਪੈਰਾਂ ਉੱਤੇ ਖੜਾ ਕੀਤਾ ਜਾ ਸਕੇ । ਦੇਸ਼ ਦਾ ਪਹਿਲੇ ਨੰਬਰ ਉੱਤੇ ਰਹਿਣ ਵਾਲਾ ਸੂਬਾ ਹੁਣ ਹੇਠਾਂ ਆ ਗਿਆ ਹੈ । ਇਸ ਦੀ ਸਭ ਤੋਂ ਵਧ ਜ਼ੁੰਮੇਵਾਰੀ ਸਾਡੇ ਆਗੂਆਂ ਉੱਤੇ ਜਾਂਦੀ ਹੈ । ਉਨ੍ਹਾਂ ਨੂੰ ਕੇਵਲ ਆਪਣੇ ਹਿੱਤਾਂ ਬਾਰੇ ਹੀ ਨਹੀਂ ਸਗੋਂ ਲੋਕ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ । ਲੀਡਰਾਂ ਦੇ ਹਿਤਾਂ ਦੀ ਰਾਖੀ ਤਾਂ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨਾਲ ਹੋ ਜਾਂਦੀ ਹੈ ਇਸ ਕਰਕੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਲੋਕ ਹਿੱਤਾਂ ਦੀ ਰਾਖੀ ਕੀਤੀ ਜਾਵੇ । ਪੰਜਾਬ ਰਿਸ਼ਵਤਖੋਰੀ, ਨਸ਼ੇ ਤੇ ਵਿਖਾਵੇ ਵਿਚ ਸਿਖਰ ਉੱਤੇ ਹੈ । ਇਨ੍ਹਾਂ ਨੂੰ ਲਗਾਮ ਇਮਾਨਦਾਰੀ ਲੀਡਰ ਹੀ ਪਾ ਸਕਦੇ ਹਨ । ਸੂਬੇ ਵਿਚ ਹੋ ਰਹੀਆਂ ਦਲਬਦਲੀਆਂ ਨੂੰ ਵੀ ਰੋਕਣ ਦੀ ਲੋੜ ਹੈ । ਲੋਕਾਂ ਨੂੰ ਦਲਬਦਲੂਆਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ । ਉਹ ਆਪਣੀ ਪਾਰਟੀ ਨਾਲ ਹੀ ਗੱਦਾਰੀ ਨਹੀਂ ਕਰਦੇ ਸਗੋਂ ਦੁਬਾਰਾ ਚੋਣ ਕਰਵਾਉਣ ਦਾ ਖਰਚਾ ਵੀ ਲੋਕਾਂ ਉੱਤੇ ਪੈਂਦਾ ਹੈ । ਦਲਬਦਲੀ ਕਾਨੂੰਨ ਅਨੁਸਾਰ ਉਸ ਨੂੰ ਅਸਤੀਫਾ ਦੇਣਾ ਪੈਂਦਾ ਹੈ । ਪਰ ਜਿਮਨੀ ਚੋਣ ਵਿਚ ਉਹ ਨਵੀਂ ਪਾਰਟੀ ਦੀ ਟਿਕਟ ਉੱਤੇ ਮੁੜ ਚੋਣ ਲੜ ਕੇ ਜਿੱਤ ਪ੍ਰਾਪਤ ਕਰ ਲੈਂਦਾ ਹੈ । ਅਜੇਹੇ ਵਰਤਾਰੇ ਉੱਤੇ ਰੋਕ ਲਗਣੀ ਚਾਹੀਦੀ ਹੈ । ਆਪਣਾ ਮੈਂਬਰੀ ਤੋਂ ਅਸਤੀਫਾ ਦੇਣ ਵਾਲਿਆਂ ਨੂੰ ਘੱਟੋ ਘੱਟ ਪੰਜ ਸਾਲ ਚੋਣ ਲੜਨ ਤੇ ਪਾਬੰਦੀ ਲਾਈ ਜਾਵੇ ਤਾਂ ਜੋ ਇਸ ਵਰਤਾਰੇ ਨੂੰ ਠੱਲ ਪਾਈ ਜਾ ਸਕੇ । ਪੰਜਾਬੀ ਹਿੰਮਤੀ ਅਤੇ ਮਿਹਨਤੀ ਹਨ ਪਰ ਇਨ੍ਹਾਂ ਲੀਡਰਾਂ ਦੇ ਮਗਰ ਲਗ ਕੇ ਉਹ ਕਿਰਤ ਤੋਂ ਦੂਰ ਹੋ ਰਹੇ ਹਨ ਅਤੇ ਵਿਖਾਵੇ ਦੇ ਚਕਰ ਵਿਚ ਫਸ ਰਹੇ ਹਨ । ਇਸ ਵਾਰ ਦੀਆਂ ਚੋਣਾਂ ਵਿਚ ਲੋਕਾਂ ਨੂੰ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਪੰਜਾਬ ਵਿਚੋਂ ਇਮਾਨਦਾਰ, ਸੂਝਵਾਨ ਅਤੇ ਸੂਬੇ ਦੇ ਹੱਕਾਂ ਦੀ ਰਾਖੀ ਲਈ ਜੂਝਣ ਵਾਲੇ ਉਮੀਦਵਾਰਾਂ ਦੀ ਚੋਣ ਕਰਨੀ ਚਾਹੀਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚੋਂ ਕੇਵਲ 13 ਮੈਂਬਰ ਹੀ ਜਾਂਦੇ ਹਨ ਪਰ ਜੇਕਰ ਉਹ ਇਕਜੁਟ ਹੋ ਕੇ ਦਲੀਲਾਂ ਅਤੇ ਅੰਕੜਿਆਂ ਆਧਾਰਿਤ ਪੰਜਾਬ ਦਾ ਪੱਖ ਪੇਸ਼ ਕਰਨਗੇ ਤਾਂ ਜ਼ਰੂਰ ਹੀ ਸਫਲਤਾ ਮਿਲੇਗੀ ।





# ਗਰਮੀ ਦੇ ਮੌਸਮ 'ਚ ਸਫਲਤਾਪੂਰਵਕ
# ਫਲਾਂ ਦੀ ਕਾਸ਼ਤ ਕਰਨ ਸੰਬੰਧੀ ਕੁਝ ਸੁਝਾਅ



ਭਗਵਾਨ ਦਾਸ

ਗਰਮ ਰੁੱਤ ਆ ਗਈ ਹੈ। ਆਉਣ ਵਾਲੇ ਦਿਨਾਂ 'ਚ ਤਾਪਮਾਨ ਦੇ 38-42 ਡਿਗਰੀ ਸੈਂਟੀਗਰੇਡ ਤੱਕ ਪਹੁੰਚਣ ਦਾ ਅਨੁਮਾਨ ਜਤਾਇਆ ਜਾ ਰਿਹਾ ਹੈ। ਬਾਗਬਾਨ ਅਤੇ ਘਰੇਲੂ ਪੱਧਰ 'ਤੇ ਬਗੀਚੀਆਂ 'ਚ ਫਲਾਂ ਦੇ ਬੂਟੇ ਲਗਾਉਣ ਵਾਲੇ ਵਿਅਕਤੀ ਘਬਰਾਹਟ 'ਚ ਹਨ ਕਿ ਹਰ ਸਾਲ ਵਾਂਗ ਫਲਾਂ 'ਤੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਹੋਵੇਗਾ, ਜਿਸ ਨਾਲ ਫਲ ਜਲਦੀ ਗਲ-ਸੜ ਜਾਣਗੇ। ਬਾਗਬਾਨਾਂ ਨੂੰ ਮੰਡੀ 'ਚ ਵੀ ਉਨ੍ਹਾਂ ਦਾ ਸਹੀ ਮੁੱਲ ਨਹੀਂ ਮਿਲੇਗਾ। ਜ਼ਿਆਦਾਤਰ ਫਲ ਫਟਣ ਦੀ ਸਮੱਸਿਆ ਗਰਮ ਰੁੱਤ 'ਚ ਆਉਂਦੀ ਹੈ ਜਾਂ ਘਰੇਲੂ ਪੱਧਰ ਤੇ ਇਹ ਸਮੱਸਿਆ ਉਸ ਸਮੇਂ ਜ਼ਿਆਦਾ ਮਹਿਸੂਸ ਹੁੰਦੀ ਹੈ ਜਦੋਂ ਫਲਦਾਰ ਬੂਟੇ ਘਰ ਦੀਆਂ ਦੀਵਾਰਾਂ ਦੇ ਨੇੜੇ ਲਗੇ ਹੋਏ ਹੁੰਦੇ ਹਨ। ਖਪਤਕਾਰ ਆਮ ਤੌਰ 'ਤੇ ਬਾਗਬਾਨੀ ਮਾਹਰਾਂ ਦੀ ਸਲਾਹ ਬਗੈਰ ਹੀ ਇਹ ਬੂਟੇ ਆਪਣੀਆਂ ਬਗੀਚੀਆਂ ਜਾਂ ਲਾਅਨਾਂ 'ਚ ਲਗਾ ਲੈਂਦੇ ਹਨ। ਕਿਸਾਨ ਖੇਤਾਂ 'ਚ ਬੂਟੇ ਲਗਾ ਲੈਂਦੇ ਹਨ, ਜਿੱਥੇ ਵੀ ਉਨ੍ਹਾਂ ਨੂੰ ਖਾਲੀ ਥਾਂ ਮਿਲਦੀ ਹੈ। ਅਜਿਹੀਆਂ ਥਾਵਾਂ 'ਤੇ ਗਰਮ ਹਵਾਵਾਂ ਆਮ ਤੌਰ 'ਤੇ ਉਨ੍ਹਾਂ ਬੂਟਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਸ ਉਪਰੰਤ ਫਲ ਫਟ ਜਾਂਦੇ ਹਨ। ਗਰਮੀਆਂ 'ਚ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਜ਼ਿਆਦਾ ਹੁੰਦਾ ਹੈ। ਪਾਣੀ ਦੀ ਘਾਟ ਕਾਰਨ ਫਲਾਂ ਦਾ ਛਿਲਕਾ ਸਖਤ ਹੋ ਜਾਂਦਾ ਹੈ। ਜਦੋਂ ਬੂਟੇ ਨੂੰ ਇਕਦਮ ਪਾਣੀ ਮਿਲਦਾ ਹੈ, ਮਸਨੂਈ ਸਿੰਚਾਈ ਵਜੋਂ ਜਾਂ ਬਾਰਿਸ਼ ਪੈਣ ਵਜੋਂ, ਪਾਣੀ ਜ਼ਿਆਦਾ ਆਉਣ ਉਪਰੰਤ ਅਜਿਹੇ ਸਮੇਂ ਪੌਦਿਆਂ ਦੀਆਂ ਜੜ੍ਹਾਂ ਪਾਣੀ ਜ਼ਿਆਦਾ ਮਾਤਰਾ 'ਚ ਆਪਣੇ 'ਚ ਸਮਾ ਲੈਂਦੀਆਂ ਹਨ। ਜਿਸ ਕਰਕੇ ਫਲ ਵਿਚ ਗੁੱਦਾ ਇਕ ਦਮ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਛਿਲਕਾ ਸਖਤ ਹੋਣ ਕਰਕੇ ਫਟ ਜਾਂਦਾ ਹੈ। ਫਲ ਫਟਣ ਦੀ ਸਮੱਸਿਆ ਬੜੀ ਗੰਭੀਰ ਹੈ। ਕਈ ਘਰੇਲੂ ਪੱਧਰ 'ਤੇ ਬੂਟੇ ਲਗਾਉਣ ਵਾਲੇ ਵਿਅਕਤੀਆਂ ਨੇ ਦੱਸਿਆ ਕਿ ਕੀਟਨਾਸ਼ਕਾਂ ਦਾ ਸਪਰੇਅ ਕਰਨ ਤੋਂ ਬਾਅਦ ਵੀ ਇਹ ਸਮੱਸਿਆ ਹੱਲ ਨਹੀਂ ਹੁੰਦੀ। ਉਨ੍ਹਾਂ ਨੂੰ ਕਿਹੜੀ ਦਵਾਈ ਦਾ ਸਪਰੇਅ ਕਰਨਾ ਚਾਹੀਦਾ ਹੈ, ਇਸ ਸੰਬੰਧੀ ਵੀ ਪਤਾ ਨਹੀਂ ਹੁੰਦਾ ਅਤੇ ਨਾ ਹੀ ਕਿਤੋਂ ਅਗਵਾਈ ਮਿਲਦੀ ਹੈ। ਨਤੀਜੇ ਵਜੋਂ ਫਲ ਫਟ ਜਾਂਦੇ ਹਨ ਅਤੇ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਬਾਗਬਾਨੀ ਵਿਭਾਗ ਦੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਫਲ ਕੇਵਲ ਗਰਮੀ ਦੇ ਮੌਸਮ 'ਚ ਗਰਮੀ ਕਾਰਨ ਹੀ ਨਹੀਂ ਫਟਦੇ, ਉਨ੍ਹਾਂ ਦਾ ਫਟਣ ਦਾ ਕਾਰਨ ਖੁਰਾਕੀ ਤੱਤਾਂ ਦੀ ਘਾਟ ਵੀ ਹੁੰਦੀ ਹੈ, ਜਿਵੇਂ ਕੈਲਸ਼ੀਅਮ, ਪੋਟਾਸ਼ੀਅਮ ਅਤੇ ਬੋਰਾਨ ਦੀ ਲੋੜੀਂਦੀ ਮਾਤਰਾ ਬੂਟੇ ਨੂੰ ਨਾ ਮਿਲਣਾ। ਰੇਤਲੀਆਂ ਜ਼ਮੀਨਾਂ ਵਿਚ ਤਾਂ ਇਹ ਘਾਟ ਹੋਰ ਵੀ ਜ਼ਿਆਦਾ ਹੋਣ ਕਰਕੇ ਬੂਟਿਆਂ ਨੂੰ ਪ੍ਰਭਾਵਿਤ ਕਰਦੀ ਹੈ। ਘਰੇਲੂ ਪੱਧਰ 'ਤੇ ਤਾਂ ਇਹ ਸਮੱਸਿਆ ਹੋਰ ਵੀ ਬੜੀ ਆਮ ਹੈ, ਕਿਉਂਕਿ ਮਕਾਨ ਬਣਾਉਣ ਲੱਗਿਆਂ ਰੇਤਲੀ ਮਿੱਟੀ ਦੇ ਭਰਤ ਪੈਂਦੇ ਹਨ ਅਤੇ ਰੇਤਲੀ ਮਿੱਟੀ 'ਚ ਇਨ੍ਹਾਂ ਤੱਤਾਂ ਦੀ ਘਾਟ ਜ਼ਿਆਦਾ ਆਉਂਦੀ ਹੈ। ਡਾ. ਮਾਨ ਇਕ ਹੋਰ ਕਾਰਨ ਇਹ ਦੱਸਦੇ ਹਨ ਕਿ ਫਲਦਾਰ ਬੂਟਿਆਂ ਉੱਤੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਹੋਣਾ ਅਤੇ ਬਾਗਬਾਨਾਂ ਨੂੰ ਪੌਦ ਸੁਰੱਖਿਆ ਦੀ ਜਾਣਕਾਰੀ ਨਾ ਹੋਣ ਕਾਰਨ ਵੀ ਫਲਾਂ ਦਾ ਖਰਾਬ ਹੋਣਾ ਜਾਂ ਫਟਣਾ ਵੀ ਸੰਭਵ ਹੈ।


ਡਾ. ਮਾਨ ਅਤੇ ਬਾਗਬਾਨੀ ਵਿਭਾਗ ਦੇ ਮਾਹਿਰਾਂ ਅਨੁਸਾਰ ਗਰਮੀ 'ਚ ਅੰਬ, ਅਨਾਰ, ਲੀਚੀ, ਅਮਰੂਦ ਅਤੇ ਨਿੰਬੂ ਜਾਤੀ ਦੇ ਫਲਦਾਰ ਬੂਟਿਆਂ ਦਾ ਫਲ ਫਟਣ ਤੋਂ ਬਚਾਉਣ ਲਈ ਹੁਣ ਅਪਰੈਲ, ਮਈ ਅਤੇ ਜੂਨ ਮਹੀਨਿਆਂ ਵਿਚ ਉਕਤ ਫਲਦਾਰ ਬੂਟਿਆਂ ਦੀ ਸਿੰਚਾਈ ਨਿਯਮਤ ਤੌਰ ਕਰਨੀ ਚਾਹੀਦੀ ਹੈ। ਅਮਰੂਦ ਅਤੇ ਨਿੰਬੂ ਜਾਤੀ ਦੇ 3-4 ਸਾਲ ਉਮਰ ਦੇ ਬੂਟਿਆਂ ਨੂੰ ਹਫਤੇ- ਹਫਤੇ ਦੇ ਵਕਫੇ ਨਾਲ ਤੇ ਇਨ੍ਹਾਂ ਹੀ ਫਲਾਂ ਦੇ ਪੁਰਾਣੇ ਦਰੱਖਤਾਂ ਨੂੰ 15 ਦਿਨਾਂ ਬਾਦ ਪਾਣੀ ਦੇਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਅੰਬਾਂ ਅਤੇ ਅਨਾਰ ਦੇ ਬੂਟਿਆਂ ਨੂੰ 10-12 ਦਿਨਾਂ ਪਾਣੀ ਦੇਣਾ ਚਾਹੀਦਾ ਹੈ। ਲੀਚੀ ਦੇ ਬੂਟਿਆਂ ਨੂੰ ਗਰਮੀ ਦੇ ਮੌਸਮ ਦੌਰਾਨ ਹਫਤੇ ਵਿਚ 2 ਵਾਰ ਪਾਣੀ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ ਪ੍ਰੰਤੂ ਜੇਕਰ ਇਸ ਸਮੇਂ ਦੌਰਾਨ ਬਾਰਸ਼ ਪੈ ਜਾਵੇ ਜਾਂ ਜ਼ਿਆਦਾ ਮੀਂਹ ਪੈ ਜਾਣ ਤਾਂ ਕਾਫੀ ਹੱਦ ਤੱਕ ਸਿੰਚਾਈ ਨੂੰ ਘਟਾ ਦੇਣਾ ਚਾਹੀਦਾ ਹੈ ਅਤੇ ਬਹੁਤ ਬਾਰਿਸ਼ ਪੈਣ ਦੀ ਹਾਲਤ 'ਚ ਪ੍ਰਹੇਜ਼ ਹੀ



ਕਰਨਾ ਬਿਹਤਰ ਹੋਵੇਗਾ। ਘਰੇਲੂ ਪੱਧਰ ਫਲ ਫਟਣ ਤੋਂ ਰੋਕਣ ਲਈ ਸਵੇਰੇ ਸ਼ਾਮ ਪਾਣੀ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਸਾਫ-ਸੁਥਰਾ ਫਲ ਲੈਣ ਲਈ ਬਾਗ ਅਤੇ ਬਗੀਚਿਆਂ 'ਚ ਫਲਦਾਰ ਬੂਟੇ ਲਗਾਉਣ ਸੰਬੰਧੀ ਸ਼ੁਰੂ 'ਚ ਹੀ ਧਿਆਨ ਰੱਖਣਾ ਚਾਹੀਦਾ ਹੈ। ਬਾਗਬਾਨੀ ਮਾਹਿਰਾਂ ਦੀਆਂ ਸਿਫਾਰਸ਼ਾਂ 'ਤੇ ਅਮਲ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਲਾਹ ਲੈਣੀ ਚਾਹੀਦੀ ਹੈ। ਘਰੇਲੂ ਪੱਧਰ ਤੇ ਤਾਂ ਫਲਦਾਰ ਬੂਟੇ ਦੀਵਾਰ ਤੋਂ 10-12 ਫੁੱਟ ਦੀ ਦੂਰੀ ਤੇ ਲਗਾਏ ਜਾਣ। ਇਸ ਤੋਂ ਇਲਾਵਾ 'ਗਰੀਨ ਸੇਡ ਨੈੱਟ' ਦੀ ਵਰਤੋਂ ਕਰਨੀ ਵੀ ਲਾਭਦਾਇਕ ਰਹੇਗੀ। ਬਾਗ ਲਗਾਉਣ ਸਮੇਂ ਬਾਗਾਂ ਦੇ ਆਲੇ-ਦੁਆਲੇ ਬਾਗਬਾਨਾਂ ਨੂੰ ਹਵਾ ਰੋਕੂ ਵਾੜਾਂ ਜਿਵੇਂ ਦੇਸੀ ਅੰਬ, ਜਾਮਣ, ਬਿੱਲ ਅਤੇ ਤੂਤ ਆਦਿ ਦੇ ਦਰੱਖਤ ਲਗਾ ਦੇਣੇ ਚਾਹੀਦੇ ਹਨ ਇਹ ਦਰੱਖਤ ਗਰਮੀਆਂ ਦੀਆਂ ਗਰਮ ਹਵਾਵਾਂ ਅਤੇ ਸਰਦੀਆਂ ਵਿਚ ਸਰਦ ਹਵਾਵਾਂ ਤੋਂ ਫਲਦਾਰ ਬੂਟਿਆਂ ਦਾ ਬਚਾਉਣਗੇ। ਅਜਿਹੇ ਦਰੱਖਤ ਲਗਾ ਕੇ ਉਨ੍ਹਾਂ ਤੋਂ ਵੀ ਵਾਧੂ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਬੂਟੇ ਲਗਾਉਣ ਸਮੇਂ ਫਲ ਦੀ ਸਹੀ ਕਿਸਮ ਦੀ ਚੋਣ ਕਰਨੀ ਜ਼ਰੂਰੀ ਹੈ। ਜਿਵੇਂ ਲੀਚੀ ਦੀ ਕਲਕੱਤੀਆ ਕਿਸਮ ਅਤੇ ਅਨਾਰ ਦੀ ਗਣੇਸ਼ ਜਾਂ ਕੰਧਾਰੀ ਕਿਸਮ ਅਤੇ ਅੰਬਾਂ ਦੀਆਂ ਆਮਪਾਲੀ, ਮਲਿਕਾ, ਅਰੁਣੀਮਾ, ਸ੍ਰੇਸ਼ਠ, ਪ੍ਰਤਿਭਾ, ਲਾਲੀਮਾ, ਪਿਤੰਬਰ, ਸੂਰੀਆ ਆਦਿ ਕਿਸਮਾਂ ਲਗਾਉਣੀਆਂ ਚਾਹੀਦੀਆਂ ਹਨ। ਬੂਟਿਆਂ 'ਚ ਸਿਫਾਰਸ਼ਸ਼ੁਦਾ ਫਾਸਲਾ ਰੱਖਣਾ ਚਾਹੀਦਾ ਹੈ, ਜਿਵੇਂ ਮਲਿਕਾ ਅੰਬ 'ਚ 6 ਮੀਟਰ × 6 ਮੀਟਰ, ਅਮਰਪਾਲੀ 'ਚ 2.5 ਮੀਟਰ × 2.5 ਮੀਟਰ ਅਤੇ ਅਰੁਣਿਮਾ, ਸੂਰੀਆ ਕਿਸਮਾਂ 'ਚ 6 ਮੀਟਰ × 6 ਮੀਟਰ ਫਾਸਲਾ ਰੱਖਿਆ ਜਾਵੇ। ਫਿਰ ਬਾਗਬਾਨਾਂ ਨੂੰ ਫਲਾਂ ਦੇ ਬਾਗ ਇਲਾਕਿਆਂ ਅਨੁਸਾਰ ਲਗਾਉਣੇ ਚਾਹੀਦੇ ਹਨ ਜਿਵੇਂ ਨੀਮ ਪਹਾੜੀ ਇਲਾਕੇ ਵਿਚ ਅੰਬ, ਲੀਚੀ ਅਤੇ ਨਿੰਬੂ ਜਾਤੀ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ। ਪਟਿਆਲਾ ਜ਼ਿਲ੍ਹੇ ਵਿਚ ਅਮਰੂਦ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ। ਪੰਜਾਬ ਸਰਕਾਰ ਨੇ ਇਸੇ ਲਈ ਇਸ ਜ਼ਿਲ੍ਹੇ 'ਚ 'ਗੁਆਵਾ ਅਸਟੇਟ' ਸਥਾਪਿਤ ਕੀਤੀ ਹੈ ਤਾਂ ਜੋ ਕਿਸਾਨ ਸਹੀ ਬੂਟਿਆਂ ਦੀ ਚੋਣ ਕਰ ਸਕਣ ਤੇ ਉਨ੍ਹਾਂ ਨੂੰ ਲੋੜੀਂਦੀ ਅਗਵਾਈ ਮਿਲ ਸਕੇ। ਨਾਖਾਂ ਦੇ ਬਾਗ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਰਨਤਾਰਨ ਜ਼ਿਲ੍ਹੇ ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲਿਆਂ ਵਿਚ ਨਿੰਬੂ ਜਾਤੀ ਦੇ ਬੂਟੇ ਵਧੇਰੇ ਸਫਲ ਰਹਿਣਗੇ।

ਫਲਦਾਰ ਬੂਟਿਆਂ ਵਿਚ ਤੱਤਾਂ ਦੀ ਘਾਟ ਨੂੰ ਪੂਰੀ ਕਰਨ ਲਈ ਬੋਰੈਕਸ 0.1%, ਜ਼ਿੰਕ ਸਲਫੇਟ 1.5%, 0.1% ਕਾਪਰ ਸਲਫੇਟ ਅਤੇ ਕੈਲਸ਼ੀਅਮ ਹਾਈਡਰੋਆਕਸਾਈਡ 1% ਦਾ ਫਲ ਦੇ ਵਿਕਸਤ ਹੋਣ ਸਮੇਂ ਸਪਰੇਅ ਕਰ ਦੇਣੀ ਚਾਹੀਦਾ ਹੈ। ਉਕਤ ਤੋਂ ਇਲਾਵਾ ਫਲਦਾਰ ਬੂਟਿਆਂ ਨੂੰ ਸਮੇਂ ਸਿਰ ਰਸਾਇਣ ਖਾਦ ਅਤੇ ਰੂੜੀ ਦੀ ਖਾਦ/ਗੰਡੋਇਆਂ ਦੀ ਖਾਦ ਸਹੀ ਸਮੇਂ ਤੇ ਜ਼ਰੂਰ ਪਾ ਦੇਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਫਲ ਬਿਮਾਰੀਆਂ ਤੋਂ ਵੀ ਬਚੇ ਰਹਿਣਗੇ, ਉਨ੍ਹਾਂ ਦੇ ਫਟਣ ਦੀ ਸਮੱਸਿਆ ਵੀ ਘਟੇਗੀ ਅਤੇ ਝਾੜ ਵਜੋਂ ਫਲਾਂ ਦੀ ਮਿਕਦਾਰ ਵੀ ਜ਼ਿਆਦਾ ਮਿਲੇਗੀ। ਫਲਾਂ ਦੇ ਬੂਟਿਆਂ ਤੇ ਬਾਗਬਾਨੀ ਮਾਹਰਾਂ ਦੀ ਸਲਾਹ ਅਨੁਸਾਰ ਉਕਤ ਫਲਦਾਰ ਬੂਟਿਆਂ ਤੇ ਕੀੜੇਮਾਰ ਦਵਾਈ ਅਤੇ ਉੱਲੀਨਾਸ਼ਕ ਦਵਾਈ ਦੀ ਸਪਰੇਅ ਤਾਂ ਕਰਨੀ ਹੀ ਪਵੇਗੀ, ਤਾਂ ਫਲਾਂ ਨੂੰ ਪੂਰੀ ਮਾਤਰਾ 'ਚ ਸਿਹਤਯਾਬ ਬਣਾਇਆ ਜਾ ਸਕੇ।



**ਬਾਗ ਲਗਾਉਣ ਸਮੇਂ ਬਾਗਾਂ ਦੇ ਆਲੇ-ਦੁਆਲੇ ਬਾਗਬਾਨਾਂ ਨੂੰ ਹਵਾ ਰੋਕੂ ਵਾੜਾਂ ਜਿਵੇਂ ਦੇਸੀ ਅੰਬ, ਜਾਮਣ, ਬਿੱਲ ਅਤੇ ਤੂਤ ਆਦਿ ਦੇ ਦਰੱਖਤ ਲਗਾ ਦੇਣੇ ਚਾਹੀਦੇ ਹਨ ਇਹ ਦਰੱਖਤ ਗਰਮੀਆਂ ਦੀਆਂ ਗਰਮ ਹਵਾਵਾਂ ਅਤੇ ਸਰਦੀਆਂ ਵਿਚ ਸਰਦ ਹਵਾਵਾਂ ਤੋਂ ਫਲਦਾਰ ਬੂਟਿਆਂ ਦਾ ਬਚਾਉਣਗੇ। ਅਜਿਹੇ ਦਰੱਖਤ ਲਗਾ ਕੇ ਉਨ੍ਹਾਂ ਤੋਂ ਵੀ ਵਾਧੂ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।**



## ਪੁਰਾਤਨ ਸਾਂਝਾਂ

# ਦਾਤੀ ਨੂੰ ਲੁਆ ਦੇ ਘੁੰਘਰੂ

ਪੁਰਾਤਨ ਵੇਲਿਆਂ ਵਿਚ ਆਮ ਛੋਲਿਆਂ, ਜਵਾਰ, ਬਾਜਰਾ ਆਦਿ ਦੀਆਂ ਰੋਟੀਆਂ ਪਕਾ ਕੇ ਖਾਧੀਆਂ ਜਾਂਦੀਆਂ ਸਨ ਜਦ ਕਿਤੇ ਕਾਲ ਪੈ ਜਾਂਦਾ ਤਾਂ ਜੰਡਾਂ ਦੇ ਸਕ ਪੀਹ ਕੇ ਰੋਟੀਆਂ ਪਕਾਈਆਂ ਕੋਧਰੇ ਦੀਆਂ ਰੋਟੀਲਡ਼ਆਂ ਵੀ ਪਕਾ ਕੇ ਖਾਧੀਆਂ ਜਾਂਦੀਆਂ। ਭੁੱਖ ਮੂਹਰੇ ਸ਼ੇਰ ਵੀ ਹਾਰ ਜਾਂਦੇ ਹਨ, ਬੰਦੇ ਦੀ ਕੀ ਮਜਾਲ। ਉਸ ਸਮੇਂ ਜ਼ਮੀਨਾਂ ਮਾਰੂ ਹੁੰਦੀਆਂ ਸਨ। ਦਾਣੇ ਛੇ ਮਹੀਨੇ ਮਸਾਂ ਕੱਟਦੇ ਸਨ। ਪੇਟ ਦੀ ਅੱਜ ਬੁਝਾਉਣ ਲਈ ਅੰਨ ਦੀ ਲੋੜ ਹੁੰਦੀ। ਹੌਲੀ-ਹੌਲੀ ਸਮਾਂ ਲੰਘਣ ਲੱਗਿਆ ਦਾਣਿਆਂ ਨਾਲ ਬੁਖਾਰੀਆਂ ਭਰਨ ਲੱਗੀਆਂ ਜੱਟ ਦੀ ਕਮਾਈ ਵਿਚੋਂ ਮਰਾਸੀ, ਝਿਊਰ, ਬਾਜੀਗਰ ਅਤੇ ਕਾਰੀਗਰ ਰਾਜੇ ਸਿੱਖ ਪਟਵਾਰੀ ਨੂੰ ਵੀ ਖਾਣ ਜੋਗੇ ਦਾਣੇ ਮਿਲਣ ਲੱਗੇ। ਬਰਾਨੀਆਂ ਜ਼ਮੀਨਾਂ ਸੇਂਜੂ ਹੋਣ ਲੱਗੀਆਂ ਸਾਰੀਆਂ ਜਾਤੀਆਂ ਦੀਆਂ ਕਿਸਮਤਾਂ ਖੁੱਲਣ ਲੱਗੀਆਂ।



ਹਾੜੀ ਨੂੰ ਵੱਢਣ ਲਈ ਦਿਨ ਵਿਚਾਰਨਾ ਪੈਂਦਾ ਸੀ ਕਿ ਵਧੀਆ ਵਿਚਾਰ ਅੱਗੇ ਰੱਖ ਕੰਮ ਸ਼ੁਰੂ ਕੀਤਾ ਜਾਂਦਾ ਸੀ ਜਿਹੜਾ ਕਾਮਾ ਛੁਹਲਾ ਆਹਰੀ ਜੁਗਾੜੀ ਮਿਹਨਤੀ ਚੁਸਤ ਅਣਥੱਕ ਅਤੇ ਲਗਨ ਦਾ ਪੱਕਾ ਸਿਰੜੀ ਹੁੰਦਾ ਤਾਂ ਉਹ ਰੱਬ ਦਾ ਨਾਮ ਲੈ ਕੇ ਪਹਿਲੇ ਪਾਂਤ ਲਾ ਆਉਂਦਾ ਸੀ ਫਿਰ ਭਾਵੇਂ ਕਿਸੇ ਦਿਨ ਹਾੜੀ ਵੱਢਣੀ ਸ਼ੁਰੂ ਕਰ ਦੇਵੇ ਜਿੱਥੇ ਦੋ ਚਾਰ ਬੰਦੇ ਹਾੜ੍ਹੀ ਵੱਢਦੇ ਉੱਥੇ ਮਰਾਸੀ ਢੋਲ ਵਜਾਉਂਦੇ ਸਨ। ਸੁਆਣੀਆਂ ਵੀ ਕਹਿੰਦੀਆਂ ਸਨ ਕਿ ਅਸੀਂ ਵੀ ਰੋਟੀ ਦੇਣ ਆਈਆਂ ਇਕ ਦੋ ਪਾਂਤਾਂ ਲੁਆਕੇ ਜਾਵਾਂਗੇ। ਆਪਣੇ ਪਤੀ ਦੀ ਸਹਾਇਤਾ ਕਰਦੀਆਂ ਸਨ। ਵੇਲੇ ਸਿਰ ਦਾਣੇ ਸੰਭਾਲੇ ਜਾਣ, ਗੀਤ ਵਿਚੋਂ ਵੀ ਔਰਤਾਂ ਦੀ ਕੀਤੀ ਮਦਦ ਦੀ ਝਲਕ ਮਿਲਦੀ ਹੈ ਕਿ 'ਦਾਤੀ ਨੂੰ ਲੁਆਦੇ ਘੁੰਘਰੂ ਹਾੜ੍ਹੀ ਵੱਢੂਗੀ ਬਰਾਬਰ ਤੇਰੇ', ਮਰਾਸੀ ਕੋਲ ਕੋਈ ਵੀ ਚੀਜ਼ ਮੰਗਣ ਦੀ ਤਕਨੀਕ ਹੁੰਦੀ ਸੀ, ਟਿੱਚਰਾਂ ਕਰਨੀਆਂ ਉਹਨਾਂ ਨੂੰ ਆਉਂਦੀਆਂ ਸਨ। ਜੱਟ ਢੁੱਕਵਾਂ ਜਵਾਬ ਦੇਣ ਤੁਰੰਤ ਫੁਰਤੀ ਹੁੰਦੀ ਸੀ। ਉੱਥੇ ਮਸਲਾ ਹੱਲ ਕਰਕੇ ਅਗਲਿਆਂ ਵਾਢਿਆਂ ਕੋਲ ਜਾ ਅਲਖ ਜਗਾ ਦੇਂਦੇ ਸਨ। ਇਸਤਰ੍ਹਾਂ ਵਾਢੀ ਦੇ ਦਿਨਾਂ ਵਿਚ ਆਮ ਖੇਤਾਂ ਵਿਚ ਢੋਲ ਵੱਜਦੇ ਸਨ। ਆਮ ਸੁਣਿਆ ਜਾਂਦਾ ਸੀ। ਰੱਬ ਨਾ ਕਰੇ ਕਿਸਾਨ ਹਾਲੀ, ਪਸ਼ੂ ਪੁੱਤ ਧੀ ਕਾਮੇ ਨੂੰ ਹੀਮ ਕੀਮ ਹੋ ਜਾਂਦੀ ਤਾਂ ਉਸ ਦੀ ਹਾੜੀ ਦੀ ਫਸਲ ਤੇ ਦਾਣਿਆਂ ਨੂੰ ਤੱਣ ਪੱਤਨ ਲਾਉਣ ਲਈ ਪਿੰਡ ਦੇ ਲੋਕ ਆਪ ਇਕੱਠੇ ਹੋ ਕੇ ਖੇਤ ਸਹਾਇਤਾ ਲਈ ਚਲੇ ਜਾਂਦੇ ਸਨ ਤੇ ਮਰਾਸੀ ਵੀ ਢੋਲ ਤੇ ਡੱਗਾ ਲਾ ਕੇ ਹੋਕਾ ਦੇ ਦੇਂਦਾ ਤੇ ਢੋਲ ਵਜਾਉਂਦਾ ਖੇਤਾਂ ਵਲ ਚਲਾ ਜਾਂਦਾ ਸਾਰਾ ਦਿਨ ਕਾਮਿਆਂ ਦੇ ਨਾਲ ਰਹਿੰਦਾ ਸੀ। ਕੋਈ ਬੰਦਾ ਪੂਰਾ ਦਿਨ ਲਾ ਦੇਂਦਾ ਸੀ, ਕੋਈ ਅੱਧਾ ਦਿਨ ਲਾ ਕੇ ਘਰ ਨੂੰ ਆ ਜਾਂਦਾ ਸੀ। ਕੋਈ ਦਾਤੀਆਂ ਨੂੰ ਦੰਦੇ ਕਢਵਾਉਣ ਤੁਰਿਆ ਹੋਇਆ ਹੁੰਦਾ ਸੀ, ਕੋਈ ਪਾਣੀ ਦਾ ਤੋੜਾ ਚੁੱਕ ਕੇ ਲਿਆਉਂਦਾ ਸੀ ਕੋਈ ਸੱਥਰੀਆਂ ਦੇ ਥੱਬੇ ਬਣਾਈ ਜਾਂਦੇ ਸਨ। ਇਕ ਜਣਾ ਚੁੱਕ ਕੇ ਮੰਡਲੀ ਲਾਈ ਜਾਂਦੇ। ਉਸ ਸਮੇਂ ਸੱਭਿਆਚਾਰ ਨੂੰ ਪਹਿਲ ਦਿੱਤੀ ਜਾਂਦੀ ਸੀ। ਲੋਕਾਂ ਨੂੰ ਕੰਮ ਕਰਨ ਦਾ ਸ਼ੌਕ ਸੀ।

ਜਦੋਂ ਲਾਗਾਂ ਪਿੜ ਵਿਚ ਆ ਜਾਂਦਾ ਤੇ ਦਾਣਿਆਂ ਦੇ ਬੋਹਲ ਲੱਗ ਜਾਂਦੇ ਸਨ। ਤੂੜੀ ਦੀਆਂ ਧੜਾਂ ਦਿੱਖ ਦੇਣ ਲੱਗ ਜਾਂਦੀਆਂ ਸਨ ਤੇ ਲਾਗੀ ਆਪੋ ਆਪਣੀਆਂ ਬਣਦੀ ਮਜ਼ਦੂਰੀ ਲੈ ਜਾਂਦੇ ਸਨ। ਘਰ ਦੀਆਂ ਸੁਆਣੀਆਂ ਪਹਿਲੇ ਭੜੋਲੇ ਵਗੈਰਾ ਦਾ ਪ੍ਰਬੰਧਨ ਕਰ ਲੈਂਦੀਆਂ ਸਨ। ਇਸ ਲਈ ਘਰ ਦੀਆਂ ਔਰਤਾਂ ਦਾ ਖੇਤੀ ਵਿਚ ਬਹੁਤ ਜ਼ਿਆਦਾ ਯੋਗਦਾਨ ਹੁੰਦਾ ਸੀ ਅਤੇ ਮੋਢੇ ਨਾਲ ਮੋਢਾ ਲਾ ਕੇ ਸੁਆਣੀਆਂ ਕੰਮ ਕਰਦੀਆਂ ਸਨ। ਉਪਰੋਕਤ ਜਾਣਕਾਰੀ ਤੋਂ ਲਗਦਾ , ਜੇ ਕਿਸੇ ਜੱਟ ਦੀ ਫਸਲ ਨਾ ਹੁੰਦੀ ਹੈ ਉਸਦੇ ਪ੍ਰਵਾਰ ਲਈ ਪੂਰਾ ਸਾਲ ਬਹੁਤ ਔਖਾ ਹੋ ਜਾਂਦਾ ਸੀ ਆਮ ਕਿਸਾਨਾਂ ਪੂਰੇ ਸਾਲ ਲਈ ਦਾਣੇ ਇਕੱਠੇ ਲੈਂਦੇ ਸਨ। ਪੂਰਾ ਸਾਲ ਵਧੀਆ ਲੰਘ ਜਾਂਦਾ ਕਿਸੇ ਗੱਲ ਦੀ ਜ਼ਿੰਮੀਦਾਰ ਨੂੰ ਕੋਈ ਪਰਵਾਹ ਨਾ ਹੁੰਦੀ। ਅੱਜ ਜ਼ਮਾਨਾ ਬਦਲ ਗਿਆ, ਨਾ ਕੋਈ ਵਾਢੀ ਕਰਦਾ ਨਾ ਕੋਈ ਦਾਤੀਆਂ ਨੂੰ ਘੁੰਘਰੂ ਲਵਾਉਂਦਾ ਹੈ, ਇਹ ਸਭ ਕੁਝ ਅਲੋਪ ਹੋ ਗਿਆ ਹੈ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ, ਮੋਂ: 7814490249**

# ਢੋਲਾਂ ਵਿਚ ਕਣਕ ਨੂੰ ਕੀੜੇ-ਮਕੌੜਿਆਂ ਤੋਂ ਕਿਵੇਂ ਬਚਾਈਏ

ਗੁਰਮੇਲ ਸਿੰਘ ਅਤੇ ਕਰਮਜੀਤ ਸ਼ਰਮਾ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ, ਮੋਬਾਇਲ : 81462-60400

★ ਕਣਕ ਕੱਟਣ ਉਪਰੰਤ ਦਾਣਿਆਂ ਵਿਚ ਘੁੰਡੀਆਂ, ਕੱਖ, ਧੂੜ, ਅਤੇ ਨਦੀਨਾਂ ਦੇ ਬੀਜ ਆਦਿ ਹੁੰਦੇ ਹਨ। ਇਸੇ ਤਰ੍ਹਾਂ, ਦਾਣਿਆਂ ਵਿਚ ਕੁੱਝ ਟੁੱਟੇ-ਭੱਜੇ ਦਾਣੇ ਵੀ ਸ਼ਾਮਿਲ ਹੁੰਦੇ ਹਨ, ਜਿਹਨਾਂ ਉੱਪਰ ਕੀੜਿਆਂ ਦਾ ਹਮਲਾ ਸਾਬਤ ਦਾਣਿਆਂ ਤੋਂ ਪਹਿਲਾਂ ਹੁੰਦਾ ਹੈ। ਇਸ ਲਈ ਡਰੰਮਾਂ ਵਿਚ ਕਣਕ ਪਾਉਣ ਤੋਂ ਪਹਿਲਾਂ ਪੱਖਾ ਲਗਾ ਤੇ ਚੰਗੀ ਤਰ੍ਹਾਂ ਸਾਫ ਕਰ ਲਓ।

★ ਘਰੇਲੂ ਪੱਧਰ ਤੇ ਕਣਕ ਨੂੰ ਸਟੋਰ ਕਰਨ ਲਈ ਲੋਹੇ/ਟੀਨ ਦੇ ਢੋਲਾਂ ਦੀ ਵਰਤੋਂ ਕਰੋ।

★ ਕਣਕ ਨੂੰ ਢੋਲ ਵਿਚ ਸਟੋਰ ਕਰਨ ਤੋਂ ਪਹਿਲਾਂ ਪੁਰਾਣੇ ਰੱਖੇ ਦਾਣੇ ਕੱਢ ਲਵੋ ਅਤੇ ਢੋਲ ਨੂੰ ਚੰਗੀ ਤਰ੍ਹਾਂ ਸਾਫ ਕਰ ਲਓ ਅਤੇ ਪਹਿਲਾਂ ਸਟੋਰ ਕੀਤੇ ਅਨਾਜ ਦੀ ਰਹਿੰਦ ਖੂੰਹਦ (ਕੂੜੇ) ਨੂੰ ਜ਼ਮੀਨ ਵਿਚ ਦੱਬ ਕੇ ਨਸ਼ਟ ਕਰ ਦਿਓ।

★ ਨਵੇਂ ਦਾਣਿਆਂ ਨੂੰ ਕਦੇ ਵੀ ਪੁਰਾਣੇ ਦਾਣਿਆਂ ਵਿੱਚ ਮਿਲਾ ਕੇ ਸਟੋਰ ਨਾ ਕਰੋ।

★ ਖਾਲੀ ਢੋਲ ਦੇ ਅੰਦਰ ਲੁਕੇ ਹੋਏ ਕੀੜਿਆਂ ਨੂੰ ਖਤਮ ਕਰਨ ਲਈ ਢੋਲ ਨੂੰ 2-3 ਦਿਨ ਚੰਗੀ ਧੁੱਪ ਲਵਾ ਲੈਣੀ ਚਾਹੀਦੀ ਹੈ। ਜੇਕਰ ਕਿਸੇ ਜਗ੍ਹਾ ਤੋਂ ਢੋਲ ਟੁੱਟਾ ਹੋਵੇ ਤਾਂ ਇਸ ਨੂੰ ਜ਼ਰੂਰ ਠੀਕ ਕਰਵਾ ਲੈਣਾ ਚਾਹੀਦਾ ਹੈ, ਕਿਉਂਕਿ ਐਲੂਮੀਨੀਅਮ ਫਾਸਫਾਈਡ ਦੀ ਵਰਤੋਂ ਲਈ ਢੋਲ ਹਵਾ ਬੰਦ ਹੋਣਾ ਚਾਹੀਦਾ ਹੈ।

★ ਕਣਕ ਸਟੋਰ ਕਰਨ ਤੋਂ ਪਹਿਲਾਂ ਦਾਣਿਆਂ ਨੂੰ ਚੰਗੀ ਤਰ੍ਹਾਂ ਧੁੱਪੇ ਸੁਕਾਅ ਲਓ, ਕਿਉਂਕਿ ਦਾਣਿਆਂ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਹੋਣ ਤੇ ਜਿੱਥੇ ਕੀੜਾ ਲੱਗਣ ਦਾ ਖਤਰਾ ਵਧ ਜਾਂਦਾ ਹੈ, ਉਥੇ ਹੀ ਕਈ ਵਾਰ ਡਰੰਮਾਂ ਵਿਚ ਸਟੋਰ ਕਣਕ ਦਾ ਤਾਪਮਾਨ ਵੱਧਣ ਕਾਰਨ ਬੀਜ ਦੀ ਉੱਗਣ ਸ਼ਕਤੀ ਵੀ ਘੱਟ ਜਾਂਦੀ ਹੈ। ਕਣਕ ਨੂੰ ਦੰਦਾਂ ਹੇਠ ਚਬਾ ਕੇ ਵੀ ਨਮੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

★ ਢੋਲਾਂ ਨੂੰ ਦੀਵਾਰਾਂ ਤੋਂ ਦੂਰੀ ਤੇ ਹਟਾ ਕੇ ਰੱਖੋ ਅਤੇ ਉੱਚੀ ਜਗ੍ਹਾ ਤੇ ਜਾਂ ਲੱਕੜੀ ਦੇ ਚੌਖਟੇ ਉੱਤੇ ਰੱਖਣਾ ਚਾਹੀਦਾ ਹੈ।

★ ਢੋਲਾਂ ਨੂੰ ਉੱਪਰ ਤੱਕ ਨੱਕੋ-ਨੱਕ ਭਰੋ ਅਤੇ ਢੱਕਣ ਚੰਗੀ ਤਰ੍ਹਾਂ ਕੱਸ ਕੇ ਬੰਦ ਕਰਨਾ ਚਾਹੀਦਾ ਹੈ।

★ ਸਟੋਰ ਕਰਨ ਦੇ ਪਹਿਲੇ 30 ਦਿਨ ਢੋਲ ਨੂੰ ਬਿਲਕੁਲ ਨਹੀਂ ਖੋਲ੍ਹਣਾ ਚਾਹੀਦਾ ਅਤੇ ਬਾਅਦ ਵਿਚ ਦਾਣੇ ਕੱਢਣ



ਤੋਂ ਤੁਰੰਤ ਬਾਅਦ ਢੱਕਣ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

★ ਰਹਿਣ ਵਾਲੇ ਮਕਾਨਾਂ ਵਿਚ ਢੋਲ ਨਹੀਂ ਰੱਖਣੇ ਚਾਹੀਦੇ, ਕਿਉਂਕਿ ਇਹਨਾਂ ਵਿਚ ਐਲੂਮੀਨੀਅਮ ਫਾਸਫਾਈਡ ਦੀ ਵਰਤੋਂ ਖਤਰਨਾਕ ਸਾਬਤ ਹੋ ਸਕਦੀ ਹੈ।

★ ਦਾਣਿਆਂ ਦਾ ਸਮੇਂ-ਸਮੇਂ ਤੇ ਕੀੜੇ-ਮਕੌੜਿਆਂ ਦੇ ਹਮਲੇ ਲਈ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਉਹਨਾਂ ਦੀ ਰੋਕਥਾਮ ਕੀਤੀ ਜਾ ਸਕੇ।

★ ਜੇਕਰ ਉੱਪਰ ਦੱਸੇ ਨੁਕਤੇ ਅਪਣਾ ਲਏ ਜਾਣ ਤਾਂ ਕੀੜੇ ਲੱਗਣ ਦਾ ਖਤਰਾ ਬਹੁਤ ਘਟ ਹੁੰਦਾ ਹੈ ਪ੍ਰੰਤੂ ਫਿਰ ਵੀ ਜੇ ਕਿਸੇ ਕਾਰਨ ਕਰਕੇ ਕਣਕ ਲੱਗ ਜਾਵੇ ਤਾਂ ਫੋਸਟੋਕਸਿਨ ਜਾਂ ਡੈਲੀਸ਼ੀਆ ਜਾਂ ਸੈਲਫਾਸ (ਐਲੂਮੀਨੀਅਮ ਫਾਸਫਾਈਡ) ਦੀ ਤਿੰਨ ਗ੍ਰਾਮ ਦੀ ਇੱਕ ਗੋਲੀ ਇਕ ਟਨ ਦਾਣਿਆਂ ਦੇ ਹਿਸਾਬ ਨਾਲ ਵਰਤਣੀ ਚਾਹੀਦੀ ਹੈ।

★ ਕੁਝ ਕਿਸਾਨ ਢੋਲਾਂ ਵਿਚ ਨਿੰਮ ਦੇ ਪੱਤੇ ਜਾਂ ਮਾਚਿਸ ਦੀਆਂ ਡੱਬੀਆਂ ਦੀ ਵਰਤੋਂ ਕਰਦੇ ਹਨ, ਪਰ ਇਹ ਤਰੀਕਾ ਕਣਕ ਨੂੰ ਸਟੋਰੇਜ ਦੌਰਾਨ ਕੀੜੇ ਮਕੌੜਿਆਂ ਤੋਂ ਬਚਾਉਣ ਲਈ ਕਾਰਗਰ ਨਹੀਂ ਹੈ।

★ ਐਲੂਮੀਨੀਅਮ ਫਾਸਫਾਈਡ ਗੋਲੀ ਦੀ ਵਰਤੋਂ ਕਰਨ ਤੋਂ ਪਹਿਲਾਂ ਢੋਲ ਦਾ ਹੇਠਲਾ ਢੱਕਣ ਚੰਗੀ ਤਰ੍ਹਾਂ ਟੇਪ ਲਗਾ ਕੇ ਸੀਲ ਕਰ ਦੇਣਾ ਚਾਹੀਦਾ ਹੈ। ਐਲੂਮੀਨੀਅਮ ਫਾਸਫਾਈਡ ਦੀਆਂ ਗੋਲੀਆਂ ਢੋਲ ਦੇ ਉਪਰਲੇ ਢੱਕਣ ਤੋਂ ਪਾਉਣ ਉਪਰੰਤ ਇਸ ਨੂੰ ਟੇਪ ਲਗਾ ਕੇ ਬੰਦ ਕਰ ਦੇਣਾ ਚਾਹੀਦਾ ਹੈ।

★ ਐਲੂਮੀਨੀਅਮ ਫਾਸਫਾਈਡ ਦੀ ਵਰਤੋਂ ਤੋਂ ਬਾਅਦ ਢੋਲਾਂ ਨੂੰ ਸੱਤ ਦਿਨ ਹਵਾ ਬੰਦ ਰੱਖਣਾ ਜ਼ਰੂਰੀ ਹੈ। ਜੇਕਰ ਦਾਣਿਆਂ ਨੂੰ ਖਪਰਾ ਲੱਗਾ ਹੋਵੇ ਤਾਂ ਐਲੂਮੀਨੀਅਮ ਫਾਸਫਾਈਡ ਦੀ ਮਾਤਰਾ ਦੁੱਗਣੀ ਕਰ ਦੇਣੀ ਚਾਹੀਦੀ ਹੈ।

★ ਇਨ੍ਹਾਂ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਸਮੇਂ ਇਸ ਗੱਲ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ ਕਿ ਸਿਰਫ ਤਜ਼ਰਬੇਕਾਰ ਆਦਮੀ ਹੀ ਇਹਨਾਂ ਦੀ ਵਰਤੋਂ ਕਰੇ। ਐਲੂਮੀਨੀਅਮ ਫਾਸਫਾਈਡ ਦੀ ਵਰਤੋਂ ਰਹਿਣ ਵਾਲੇ ਮਕਾਨਾਂ ਵਿਚ ਰੱਖੇ ਢੋਲਾਂ ਵਿਚ ਬਿਲਕੁਲ ਨਹੀਂ ਕਰਨੀ ਚਾਹੀਦੀ।

## ਗੀਤ

ਡਾ. ਰਣਜੀਤ ਸਿੰਘ


ਚਾਨਣੀਆਂ ਦੇ ਘਰ ਹਾਂ ਚੱਲੇ ਬਣ ਕੇ ਅਸੀਂ ਸਵਾਲੀ ਵੇ।
ਬੇਬਸੀਆਂ ਦੇ ਪਾਣੀ ਅੰਦਰ ਸ਼ਰਮ ਹਿਆ ਹੰਗਾਲੀ ਵੇ।
ਘਰ ਦਾ ਹਨੇਰਾ ਮਿੱਟ ਜਾਂਦਾ ਹੈ ਦੀਪਕ ਇਕ ਜਗਾਈਏ।
ਰੂਹ ਦਾ ਹਨੇਰਾ ਐਪਰ ਦਸ ਕੀਕਰ ਅਸੀਂ ਮੁਕਾਈਏ।
ਹਰ ਪਾਸੇ ਛਾਇਆ ਹਨੇਰਾ ਨਜ਼ਰ ਨਾ ਆਵੇ ਲਾਲੀ ਵੇ।
ਮੂੰਹ ਖੋਲ੍ਹਣ ਦੀ ਸਜ਼ਾ ਹੈ ਮਿਲਦੀ ਸੱਚ ਹਕ ਦੀ ਸੰਘੀ ਘੁੱਟੀ।
ਡਰਦਾ ਕੋਈ ਨਾ ਅੱਗੇ ਆਵੇ ਸ਼ਰੇਆਮ ਜਾਏ ਆਬਰੂ ਲੁੱਟੀ।
ਦਿਨ ਦਿਹਾੜੇ ਬਾਗ ਉੱਜੜਦੇ ਨਜ਼ਰ ਨਾ ਆਵੇ ਮਾਲੀ ਵੇ।
ਮਜ਼ਲੂਮਾਂ ਦੀ ਇਸ ਧਰਤੀ ਉੱਤੇ ਕਦੇ ਕਿਸੇ ਬਾਂਹ ਫੜੀ ਸੀ।
ਲੱਖਾਂ ਨੇ ਸਨ ਵਾਰੀਆਂ ਜਾਨਾਂ ਸੱਚ ਹੱਕ ਦੀ ਜੰਗ ਲੜੀ ਸੀ।
ਹੁਣ ਉਹ ਕਿਧਰ ਨਜ਼ਰ ਨਾ ਆਵਣ ਵਿਹੜੇ ਹੋਏ ਖਾਲੀ ਵੇ।
ਪੁਛ ਲੱਥੀ ਤਾਂ ਮਾਨਵ ਬਣਿਆ ਮੁੜ ਪੂਛ ਲਈ ਇਹ ਲਲਚਾਵੇ।
ਕਿਸੇ ਤਰ੍ਹਾਂ ਕੋਈ ਲਗੇ ਪਿੱਛੇ ਇਹੋ ਵਿਉਂਤ ਸਦਾ ਬਣਾਵੇ।
ਚੋਰ ਤੇ ਰਾਖੇ ਇੱਕੋ ਹੋਏ ਆਪਸੀ ਬਣੀ ਭਿਆਲੀ ਵੇ।
ਬੇਬਸੀਆਂ ਵੀ ਹੱਦ ਹੋ ਗਈ ਹੁਣ ਤਾਂ ਕੁਝ ਕਰਨਾ ਪੈਣਾ।
ਕਾਇਰਤਾ ਦਾ ਰੂਪ ਹੈ ਹੁੰਦਾ ਚੁਪ ਕਰਕੇ ਜ਼ੁਲਮ ਨੂੰ ਸਹਿਣਾ।
ਲੋਕ ਸ਼ਕਤੀ ਨੂੰ ਰੋਕਣਾ ਔਖਾ ਇਹ ਨਾ ਕਾਰ ਸੁਖਾਲੀ ਵੇ।
ਚਾਨਣੀਆਂ ਦੇ ਘਰ ਹਾਂ ਚੱਲੇ ਬਣ ਕੇ ਅਸੀਂ ਸਵਾਲੀ ਵੇ।



# ਆਪਣੇ ਕਿਸਾਨਾਂ ਨਾਲ ਖੜ੍ਹੇ ਹੋਣ ਦਾ ਵੇਲਾ

ਫਰਾਂਸ ਵਿਚ ਪਸ਼ੂ ਪਾਲਣ ਦੇ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਦਿੱਕਤਾਂ 'ਚੋਂ ਕੱਢਣ ਲਈ ਸ਼ੁਰੂ ਕੀਤੇ ਇੱਕ ਛੋਟੇ ਜਿਹੇ ਉਪਰਾਲੇ ਨੇ ਇਕ ਵਿਲੱਖਣ ਖਪਤਕਾਰ ਲਹਿਰ ਦਾ ਰੂਪ ਧਾਰ ਲਿਆ ਹੈ ਜੋ ਹੁਣ ਦੁਨੀਆਂ ਭਰ ਵਿਚ ਆਪਣੇ ਆਪ ਫੈਲ ਰਹੀ ਹੈ। ਖੇਤੀ ਖੁਰਾਕ ਸਨਅਤ ਨੂੰ ਹੰਢਣਸਾਰ ਅਤੇ ਤਾਕਤਵਰ ਖੇਤੀ ਪ੍ਰਣਾਲੀਆਂ ਦੀ ਤਬਦੀਲੀ ਵੱਲ ਵਧਣ ਲਈ ਸੁਨਿਸ਼ਚਿਤ ਕਰਦਿਆਂ ਫਰਾਂਸੀਸੀ ਖੁਰਾਕ ਸਹਿਕਾਰੀ ਬ੍ਰਾਂਡ 'ਸੇ ਕੂ ਲੇ ਪੈਤਰੋਂ' (ਅੰਗਰੇਜ਼ੀ ਭਾਸ਼ਾ ਵਿਚ 'ਹੂ ਇਜ਼ ਦਿ ਬੌਸ' ਤੇ ਪੰਜਾਬੀ ਵਿਚ 'ਮਾਲਕ ਕੌਣ ਹੈ') ਕਿਸਾਨਾਂ ਲਈ ਇਕ ਜੀਵਨ ਰੇਖਾ ਬਣ ਕੇ ਉੱਭਰਿਆ ਹੈ।

ਇਹ ਉਨ੍ਹਾਂ ਸਾਰੇ ਲੋਕਾਂ ਲਈ ਇਹ ਇਕ ਚੰਗਾ ਸਬਕ ਹੋਵੇਗਾ ਜੋ ਇਹ ਮੰਨਦੇ ਹਨ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਜ਼ਿਆਦਾ ਭਾਅ ਦੇਣ ਨਾਲ ਮੰਡੀ ਦਾ ਹਾਲ ਖਰਾਬ ਹੋ ਜਾਵੇਗਾ।



ਦਵਿੰਦਰ ਸ਼ਰਮਾ,
ਖੁਰਾਕ ਅਤੇ ਖੇਤੀਬਾੜੀ ਮਾਮਲਿਆਂ ਦੇ ਮਾਹਿਰ

ਹਰ ਸਕੇਂ ਸਸਤੀ ਖੁਰਾਕ ਦੀ ਜ਼ਿੱਦ ਦੀ ਬਜਾਏ ਖਪਤਕਾਰ ਜ਼ਿਆਦਾ ਪੈਸੇ ਅਦਾ ਕਰਨ ਲਈ ਤਿਆਰ ਹਨ। ਬਸ਼ਰਤੇ, ਉਨ੍ਹਾਂ ਨੂੰ ਇਹ ਯਕੀਨ ਹੋਵੇ ਕਿ ਉਨ੍ਹਾਂ ਵਲੋਂ ਤਾਰੀ ਜਾਂਦੀ ਵਾਜਬ ਅਤੇ ਲਾਹੇਵੰਦ ਕੀਮਤ ਕਿਸਾਨਾਂ ਨੂੰ ਸਨਮਾਨਯੋਗ ਜੀਵਨ ਗੁਜ਼ਾਰਨ ਲਈ ਮਿਲ ਰਹੀ ਹੈ। ਜੇ ਇਸ ਨੂੰ ਸਹੀ ਤਰੀਕੇ ਨਾਲ ਸੂਤ ਬਿਠਾਇਆ ਜਾਵੇ ਤਾਂ ਇਸ ਨਾਲ ਸੁਰੱਖਿਅਤ ਤੇ ਸਿਹਤਮੰਦ ਖੁਰਾਕ ਪੈਦਾ ਕਰ ਕੇ ਦੇਣ ਦੇ ਇਵਜ਼ ਵਿਚ ਉਨ੍ਹਾਂ ਦੀ ਕਾਫੀ ਮਦਦ ਹੋ ਸਕੇਗੀ। ਖੁਰਾਕ ਲੜੀ 'ਤੇ ਖਪਤਕਾਰਾਂ ਦਾ ਕੰਟਰੋਲ ਵਧਣ ਕਰ ਕੇ ਆਉਣ ਵਾਲੇ ਸਮੇਂ ਵਿਚ ਇਹ ਲੈਣ-ਦੇਣ ਵਧਦਾ ਜਾਵੇਗਾ। ਇਹ ਇਸ ਦੇ ਉਤਪਾਦਾਂ ਦੀ ਵਿਕਰੀ ਵਿਚ ਵਾਧੇ 'ਚੋਂ ਝਲਕਦੀ ਹੈ ਜਿਸ ਵਿਚ ਔਸਤ 31 ਫੀਸਦੀ ਵਾਧਾ ਹੋਇਆ ਹੈ। ਜੇ ਖਪਤਕਾਰ ਥੋੜ੍ਹਾ ਜਿਹਾ ਜ਼ਿਆਦਾ ਮੁੱਲ ਨਾ ਦੇ ਸਕਣ।

ਇਹ ਗੱਲ ਅਜਿਹੇ ਸਮੇਂ ਮਹੱਤਵਪੂਰਨ ਹੋ ਜਾਂਦੀ ਹੈ ਜਦੋਂ ਭਾਰਤ ਦੇ ਕਿਸਾਨ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦੇਣ ਦੀ ਕੀਤੀ ਜਾ ਰਹੀ ਮੰਗ ਮੁੱਖਧਾਰਾ ਦੇ ਅਰਥਸ਼ਾਸ਼ਤਰੀ, ਮੀਡੀਆ ਅਤੇ ਮੱਧਵਰਗ ਨੂੰ ਪਸੰਦ ਨਹੀਂ ਆਉਂਦੀ। ਦਰਅਸਲ, ਇਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਧ ਜਾਣਗੀਆਂ। ਜੇ ਫਰਾਂਸ ਅਤੇ ਹੋਰਨਾਂ ਦੇਸ਼ਾਂ ਦੇ ਖਪਤਕਾਰ ਕੋਈ ਵਹਿਮ ਪਾਲਣ ਦੀ ਬਜਾਏ ਸਵੈ-ਇੱਛਾ ਨਾਲ ਵਧੇਰੇ ਕੀਮਤ ਦੇਣ ਲਈ ਤਿਆਰ ਹਨ ਮਤੇ ਸਹੀ ਮੁੱਲ ਨਾ ਮਿਲਣ ਕਰ ਕੇ ਕਿਸਾਨਾਂ ਦੀ ਰੋਜ਼ੀ ਰੋਟੀ ਖਤਮ ਹੋ ਸਕਦੀ ਹੈ ਤਾਂ ਭਾਰਤ ਦੇ ਮੁੱਖਧਾਰਾ ਦੇ ਅਰਥਸ਼ਾਸਤਰੀਆਂ ਨੂੰ ਵੀ ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਕਿਸਾਨਾਂ ਲਈ ਵਾਜਬ ਕੀਮਤਾਂ ਯਕੀਨੀ ਬਣਾਉਣ ਦੀ ਅਹਿਮੀਅਤ ਪ੍ਰਤੀ ਖਪਤਕਾਰਾਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ। ਜ਼ਿਆਦਾਤਰ ਖਪਤਕਾਰ ਕਿਸਾਨਾਂ ਦੀ ਦੁਰਦਸ਼ਾ ਪ੍ਰਤੀ ਸੰਵੇਦਨਸ਼ੀਲ ਅਤੇ ਸਹੀ ਕਿਸਮ ਦੀ ਚੇਤਨਾ ਨਾਲ ਉਹ ਆਪਣਾ ਖਪਤੀ ਵਿਹਾਰ ਵੀ ਬਦਲ ਸਕਦੇ ਹਨ ਜਿਸ ਨਾਲ ਮੰਡੀ ਦੀਆਂ ਤਾਕਤਾਂ ਨੂੰ ਵੀ ਬਦਲਣ ਲਈ ਮਜ਼ਬੂਰ ਹੋਣਾ ਪਵੇਗਾ।

ਇਸ ਦੀ ਸ਼ੁਰੂਆਤ 2016 ਵਿਚ ਉਦੋਂ ਹੋਈ ਸੀ ਜਦੋਂ ਫਰਾਂਸ ਵਿਚ ਦੁੱਧ ਦੀ ਪੈਦਾਵਾਰ ਵਿਚ ਇਜ਼ਾਫੇ ਕਰ ਕੇ ਦੁੱਧ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਆਈ ਸੀ। ਇਸ ਨਾਲ ਫਰਾਂਸ ਦਾ ਡੇਅਰੀ ਉਦਯੋਗ ਖਤਮ ਹੋਣ ਕੰਢੇ ਪਹੁੰਚ ਗਿਆ ਸੀ। ਜਦੋਂ ਕਿਸਾਨ ਆਪਣੀਆਂ ਡੇਅਰੀਆਂ ਬੰਦ ਕਰਨ ਲੱਗੇ ਤਾਂ ਦਿਹਾਤੀ ਖੇਤਰਾਂ ਵਿਚ ਕਿਸਾਨ ਖੁਦਕੁਸ਼ੀਆਂ ਦੀ ਦਰ ਬਹੁਤ ਵਧ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਨਿਕੋਲਸ ਛਬੈਨ ਡੇਅਰੀ ਦੇ ਕਿੱਤੇ ਨਾਲ ਜੁੜੇ ਮਾਰਸ਼ਲ ਡਾਰਬਨ ਨੂੰ ਮਿਲਿਆ ਜੋ ਕਿ ਮੁਕਾਮੀ ਡੇਅਰੀ ਕੋਆਪਰੇਟਿਵ ਦਾ ਪ੍ਰਧਾਨ ਸੀ। ਇਸ ਦੌਰਾਨ ਚਾਰੇ ਪਾਸੇ ਫੈਲੀ ਕਿਸਾਨਾਂ ਦੀ ਦੁਰਦਸ਼ਾ ਅਤੇ ਮੁਸੀਬਤਾਂ ਬਾਰੇ ਚਰਚਾ ਕਰਦਿਆਂ ਖਪਤਕਾਰਾਂ ਨੂੰ ਇਕੱਠੇ ਕਰਕੇ ਕਿਸਾਨਾਂ ਦੀ ਮਦਦ ਕਰਨ ਦਾ ਵਿਚਾਰ ਸਾਹਮਣੇ ਆਇਆ। ਇਸ ਮੁਹਿੰਮ ਦੇ ਬਾਨੀ ਨਿਕੋਲਸ ਨੇ ਮੈਨੂੰ ਦੱਸਿਆ, ''ਮੈਨੂੰ ਪਤਾ ਸੀ ਕਿ ਇਹ ਔਖਾ ਕੰਮ ਹੈ ਪਰ ਇਸ ਨੂੰ ਅਜ਼ਮਾ ਕੇ ਦੇਖਦਾ ਬਣਦਾ ਹੈ।''

ਇਸ ਤਰ੍ਹਾਂ 'ਹੂ ਇਜ਼ ਦਿ ਬੌਸ' ਮੁਹਿੰਮ ਦਾ ਮੁੱਢ ਬੱਝਿਆ। ਇਸ ਦਾ ਉਦੇਸ਼ ਕਾਸ਼ਤਕਾਰਾਂ ਨੂੰ ਵਾਜਬ ਕੀਮਤ ਦਿਵਾਉਣ ਵਿਚ ਮਦਦ ਕਰਨਾ ਸੀ। ਉਨ੍ਹਾਂ ਕਿਹਾ, ''ਸਾਨੂੰ ਹਰ ਉਸ ਵਿਅਕਤੀ ਦੀ ਲੋੜ ਹੈ ਜੋ ਸਾਨੂੰ ਸਨਮਾਨਜਨਕ ਜ਼ਿੰਦਗੀ ਜਿਊਣ ਵਿਚ ਮਦਦ ਕਰਦਾ ਹੈ।'' ਅਕਤੂਬਰ 2016 ਵਿਚ ਦੁੱਧ ਲਈ ਬਲੂ ਕਾਰਬਨ ਡਿਜ਼ਾਈਨ ਪੈਕ ਜਾਰੀ ਕੀਤਾ ਗਿਆ ਤਾਂ 70 ਲੱਖ ਲਿਟਰ ਦੁੱਧ ਦੀ ਵਿਕਰੀ ਯਕੀਨੀ ਬਣਾ ਕੇ ਮੁਸੀਬਤ ਵਿਚ ਫਸੇ 80 ਪਰਿਵਾਰਾਂ ਦੀ ਮਦਦ ਕੀਤੀ ਜਾ ਸਕੇ। ਇਹ ਸੁਨੇਹਾ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਗਈ। ਕਿਸਾਨਾਂ ਨੂੰ ਸਿਰਫ ਦਾਖਲੇ ਲਈ ਇਕ ਯੂਰੋ ਦੀ ਫੀਸ ਅਤੇ ਉਤਪਾਦਨ ਦੀਆਂ ਚੰਗੀਆਂ ਵਿਧੀਆਂ ਅਪਣਾਉਣ ਦੀ ਵਚਨਬੱਧਤਾ ਦਰਸਾਉਣ ਦੀ ਲੋੜ ਪੈਂਦੀ ਸੀ। ਸੱਤ ਸਾਲਾਂ ਦੌਰਾਨ ਇਕਜੁੱਟਤਾ ਬ੍ਰਾਂਡ ''ਹੂ ਇਜ਼ ਦਿ ਬੌਸ?'' ਨੇ 0.54 ਯੂਰੋ ਫੀ ਲਿਟਰ ਦੇ ਮੁਕੱਰਰ ਭਾਅ 'ਤੇ 42 ਕਰੋੜ 40 ਲੱਖ ਲਿਟਰ ਦੁੱਧ ਵੇਚਿਆ ਹੈ ਜੋ ਬਾਜ਼ਾਰ ਦੇ ਭਾਅ ਨਾਲੋਂ 25 ਫੀਸਦੀ ਜ਼ਿਆਦਾ ਹੈ। ਅੱਜ ਇਹ ਫਰਾਂਸ ਦਾ ਬਿਹਤਰੀਨ ਮਿਲਕ ਬ੍ਰਾਂਡ ਬਣ ਗਿਆ ਹੈ ਅਤੇ ਤਕਰੀਬਨ 300 ਦੁੱਧ ਉਤਪਾਦਕ ਪਰਿਵਾਰਾਂ (ਵੱਖ ਵੱਖ ਉਤਪਾਦਾਂ ਦੇ ਰੂਪ ਵਿਚ 3000 ਪਰਿਵਾਰਾਂ) ਨੂੰ ਮਦਦ ਪਹੁੰਚਾ ਰਿਹਾ ਹੈ। ਮੰਡੀ ਦੇ ਉਤਰਾਅ ਚੜ੍ਹਾਅ ਤੋਂ ਪਰ੍ਹੇ, ਦੁੱਧ ਉਤਪਾਦਕਾਂ ਨੂੰ ਤੈਅਸ਼ੁਦਾ ਭਾਅ ਮਿਲਦਾ ਹੈ। ਇਸ ਦੇ ਮੱਦੇਨਜ਼ਰ ਫਰਾਂਸ 38 ਫੀਸਦੀ ਕਾਸ਼ਤਕਾਰਾਂ ਨੂੰ ਘੱਟੋ-ਘੱਟ ਉਜਰਤ ਤੋਂ ਘੱਟ ਕਮਾਈ ਮਿਲਦੀ ਹੈ ਅਤੇ 26 ਫੀਸਦੀ ਕਾਸ਼ਤਕਾਰ ਗਰੀਬੀ ਰੇਖਾਂ ਤੋਂ ਹੇਠਾਂ ਜੀਵਨ ਗੁਜ਼ਾਰ ਰਹੇ ਹਨ ਤਾਂ ਇਕ ਸਰਵੇਖਣ ਮੁਤਾਬਿਕ 75 ਫੀਸਦੀ ਖਪਤਕਾਰ ਆਪਣੀ ਖਰੀਦ ਫਰੋਖਤ ਲਈ ਥੋੜ੍ਹਾ ਹੋਰ ਭਾਰ ਚੁੱਕਣ ਲਈ ਤਿਆਰ ਹਨ ਬਸ਼ਰਤੇ ਉਨ੍ਹਾਂ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਦਾ ਸਹੀ ਭਾਅ ਦਿੱਤਾ ਜਾਵੇ।

ਇਸ ਦੀ ਸ਼ੁਰੂਆਤ ਦੁੱਧ ਤੋਂ ਹੋਈ ਸੀ ਪਰ ਸਮਾਂ ਪਾ ਕੇ ਜੈਵਿਕ ਪਨੀਰ, ਫਰੀ ਰੇਂਜ ਅੰਡੇ, ਦਹੀਂ, ਸੇਬ ਜੂਸ, ਸੇਬ ਦੀ ਪਿਊਰੀ, ਆਲੂ, ਸ਼ਹਿਦ, ਕਣਕ ਦੇ ਆਟੇ, ਟਮਾਟਰ, ਚਾਕਲੇਟ ਅਤੇ ਫ੍ਰੋਜ਼ਨ ਗ੍ਰਾਊਂਡ ਸਟੇਕ ਸਮੇਤ ਕਰੀਬ 18 ਉਤਪਾਦਾਂ ਦੇ ਬ੍ਰਾਂਡ ਪੈਦਾ ਹੋ ਗਏ ਹਨ। ਇਹ ਕੋਆਪਰੇਟਿਵ ਉਤਪਾਦਕਾਂ ਨੂੰ ਵਾਜਬ ਭਾਅ ਦਿਵਾਉਂਦੇ ਹਨ। ਇਸ ਦੇ ਨਾਲ ਹੀ ਸਿਹਤਮੰਦ ਅਤੇ ਹੰਢਣਸਾਰ ਜੁਗਤਾਂ ਦਾ ਪਾਲਣ ਵੀ ਕਰਦੇ ਹਨ ਜਿਵੇਂ ਖਾਣ ਵਾਲੀਆਂ ਵਸਤਾਂ ਅਤੇ ਪਸ਼ੂਆਂ ਦੀ ਫੀਡ ਵਿਚ ਪਾਮ ਆਇਲ ਜਾਂ ਜੀਨ ਸੋਧਿਤ (ਜੀ ਐੱਮ) ਵਿਧੀ ਵਾਲੇ ਪਦਾਰਥਾਂ ਦੀ ਬਿਲਕੁਲ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਪਸ਼ੂ ਸਾਲ ਵਿਚ ਘੱਟ ਘੱਟ ਚਾਰ ਮਹੀਨੇ ਖੁੱਲ੍ਹੇ ਛੱਡੇ ਜਾਂਦੇ ਹਨ। ਹੁਣ ਨੌਂ ਹੋਰ ਦੇਸ਼ਾਂ ਜਰਮਨੀ, ਬੈਲਜੀਅਮ, ਗ੍ਰੀਸ, ਇਟਲੀ, ਮੋਰੱਕੋ, ਨੈਦਰਲੈਂਡਜ਼, ਸਪੇਨ, ਯੂ ਕੇ ਅਤੇ ਅਮਰੀਕਾ ਵਿਚ ਵੀ ਇਹ ਸੰਕਲਪ ਪਹੁੰਚ ਰਿਹਾ ਹੈ ਜਿੱਥੇ ਮੂਲ ਫਰਾਂਸੀਸੀ ਕੰਪਨੀ ਨਾਲ ਲਾਇਸੈਂਸਿੰਗ ਕਰਾਰ ਜ਼ਰੀਏ ਖਪਤਕਾਰ ਢਾਂਚੇ ਕਾਇਮ ਕੀਤੇ ਜਾ ਰਹੇ ਹਨ।

ਫਰਾਂਸ ਆਪਣੀ ਲੋੜ ਲਈ 71 ਫੀਸਦੀ ਫਲ ਅਤੇ ਸਬਜ਼ੀਆਂ ਬਾਹਰੋਂ ਮੰਗਵਾਉਂਦਾ ਹੈ ਜਿਸ ਕਰ ਕੇ ਮੁਕਾਮੀ ਕਿਸਾਨਾਂ ਦੇ ਕਿੱਤੇ ਨੂੰ ਢਾਹ ਲਗਦੀ ਹੈ। ਇਸ ਤੇ ਮੱਦੇਨਜ਼ਰ ਨਿਕੋਲਸ ਨੇ ਮੁਕਾਮੀ ਕਿਸਾਨਾਂ ਦੀ ਮਦਦ ਲਈ ਇਹ ਲਹਿਰ ਵਿੱਢੀ ਸੀ। ਉਨ੍ਹਾਂ ਆਖਿਆ, ''ਅਸੀਂ ਦੁਨੀਆਂ ਦੇ ਦੂਜੇ ਕੰਢੇ ਤੋਂ ਜਹਾਜ਼ ਨਹੀਂ ਮੰਗਵਾਉਣਾ ਚਾਹੁੰਦੇ। ਸਾਨੂੰ ਘਰੋਗੀ ਉਤਪਾਦਕਾਂ ਅਤੇ ਸਾਡੇ ਦਰਾਂ 'ਤੇ ਪਹੁੰਚਾਏ ਜਾਂਦੇ ਉਤਪਾਦਾਂ ਦੀ ਰਾਖੀ ਕਰਨ ਦੀ ਲੋੜ ਹੈ। ਇਹ ਬਹੁਤ ਬੇਸ਼ਕੀਮਤੀ ਖਜ਼ਾਨਾ ਹੈ ਜੋ ਮਿਟਣ ਨਹੀਂ ਦਿੱਤਾ ਜਾ ਸਕਦਾ।'' ਘਰੇਲੂ ਕਿਸਾਨਾਂ ਦੀ ਮਦਦ ਕਰਨ ਲਈ ਸਹਿਕਾਰੀ ਬ੍ਰਾਂਡ ਨੇ ਹਾਲ ਹੀ ਵਿਚ ਆਪਣੀ ਫੂਡ ਬਾਸਕਟ ਵਿਚ ਸਟ੍ਰਾਬਰੀ, ਅਸਪੈਰਗਸ ਅਤੇ ਕੀਵੀ ਨੂੰ ਸ਼ਾਮਲ ਕੀਤਾ ਹੈ।

ਹੁਣ ਮੰਡੀਆਂ ਮੁਕਾਬਲੇਬਾਜ਼ੀ ਵਿਚ ਟਿਕੇ ਰਹਿਣ ਲਈ ਤਰਲੋ-ਮੱਛੀ ਹੋ ਰਹੀਆਂ ਹਨ ਤਾਂ 'ਹੂ ਇਜ਼ ਦਿ ਬੌਸ' ਜਿਹੇ ਵਿਚਾਰ ਦੇ ਖਿੜਨ ਦਾ ਸਮਾਂ ਆ ਗਿਆ ਹੈ। ਦਰਅਸਲ, ਦੁਨੀਆ ਭਰ ਵਿਚ ਮੰਡੀਆਂ ਕਿਸਾਨਾਂ ਦੀ ਆਮਦਨ ਵਿਚ ਇਜ਼ਾਫਾ ਕਰਨ 'ਚ ਨਾਕਾਮ ਰਹੀਆਂ ਹਨ। ਇਸ ਲਈ ਅਜਿਹੇ ਸਮੇਂ ਕਿਸਾਨਾਂ ਦੀ ਮਦਦ ਦਾ ਜ਼ਿੰਮਾ ਖਪਤਕਾਰਾਂ 'ਤੇ ਆ ਪਿਆ ਹੈ। ਜੇ ਫਰਾਂਸ ਵਿਚ ਕਿਸਾਨਾਂ ਦੀ ਮਦਦ ਲਈ 1.6 ਕਰੋੜ ਲੋਕ ਆਪਣੀ ਰੋਜ਼ਮੱਰ੍ਹਾ ਦੀ ਖਰੀਦਦਾਰੀ ਵਿਚ ਥੋੜ੍ਹਾ ਜਿਹਾ ਜ਼ਿਆਦਾ ਪੈਸਾ ਖਰਚ ਕਰਨ ਲਈ ਅੱਗੇ ਆ ਰਹੇ ਹਨ ਤਾਂ ਨਿਕੋਲਸ ਵੱਲੋਂ ਵਿੱਢੇ ਇਸ ਉੱਦਮ ਦਾ ਅਸਰ ਯਕੀਨਨ ਦੂਰ ਤੱਕ ਜਾਵੇਗਾ।

# ਪਸ਼ੂਆਂ ਨੂੰ ਮੂੰਹਖੁਰ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਰਿੰਗ ਵੈਕਸੀਨੇਸ਼ਨ

★ ਰਿੰਗ ਵੈਕਸੀਨੇਸ਼ਨ ਬਿਮਾਰੀ ਦਾ ਪ੍ਰਕੋਪ ਦੇ ਆਲੇ ਦੁਆਲੇ ਇਕ ਨਿਰਧਾਰਤ ਖੇਤਰ ਵਿਚ ਸਾਰੇ ਸੰਵੇਦਨਸ਼ੀਲ ਪਸ਼ੂਆਂ ਦਾ ਟੀਕਾਕਰਨ ਹੈ।

★ ਬਿਮਾਰੀ ਦੇ ਕੇਂਦਰ ਬਿੰਦੂ ਦੇ ਆਲੇ ਦੁਆਲੇ ਲਗਭਗ 8-10 ਕਿਲੋਮੀਟਰ ਦੇ ਘੇਰੇ ਨੂੰ ਮਾਪਣ ਵਾਲੇ ਇਕ ਕਾਲਪਨਿਕ ਰਿੰਗ ਦੇ ਅੰਦਰ ਸਾਰੇ ਪਸ਼ੂਆਂ ਦੇ ਵੈਕਸੀਨ ਲਾਉਣਾ ਚਾਹੀਦਾ ਹੈ।

★ ਟੀਕਾਕਰਨ ਟੀਮ ਨੂੰ ਰਿੰਗ ਦੇ ਘੇਰੇ ਵਿਚ ਬਾਹਰ ਤੋਂ ਅੰਦਰ ਵੱਲ ਵੱਧਣਾ ਚਾਹੀਦਾ ਹੈ, ਜਦੋਂ ਤੱਕ ਉਹ ਬਿਮਾਰੀ ਵਾਲੇ ਜਾਨਵਰਾਂ ਦੇ ਨਜ਼ਦੀਕੀ ਸੰਪਰਕ ਵਾਲੇ ਜਾਨਵਰਾਂ ਤੱਕ ਨਹੀਂ ਪਹੁੰਚ ਜਾਂਦੇ।

★ ਇਸ ਨੂੰ ਪ੍ਰਭਾਵੀ ਬਨਾਉਣ ਲਈ, ਬਿਮਾਰੀ ਫੈਲਣ ਦੀ ਹਾਲਤ ਵਿਚ ਇਕ ਟੀਕਾਕਰਨ ਖੇਤਰ ਘੋਸ਼ਿਤ ਕੀਤਾ ਜਾਵੇ ਜਿਸ ਵਿਚ 4 ਸਾਲ ਤੋਂ ਵੱਧ ਉਮਰ ਦੇ ਸਾਰੇ ਪਸ਼ੂਆਂ ਦੇ ਵੈਕਸੀਨ ਲੱਗ ਜਾਣੀ ਚਾਹੀਦੀ ਹੈ।




★ ਇਸ ਦੀ ਸਫਲਤਾ ਲਈ 5-7 ਦਿਨਾਂ ਦੇ ਅੰਦਰ ਹੀ ਡਾਕਟਰ ਦੇ ਪੁਸ਼ਟੀਕਰਨ ਨਾਲ ਤੇਜ਼ੀ ਨਾਲ ਵੈਕਸੀਨ ਦਾ ਕੰਮ ਸ਼ੁਰੂ ਅਤੇ ਪੂਰਾ ਕੀਤਾ ਜਾਵੇ।

★ ਰਿੰਗ ਵੈਕਸੀਨੇਸ਼ਨ ਵਾਸਤੇ ਉੱਚ ਸ਼ਕਤੀ ਦੇ ਟੀਕੇ ਵਰਤ ਕੇ ਥੋੜ੍ਹੇ ਵਿਚ ਹੀ ਪ੍ਰਭਾਵੀ ਟੀਕਾਕਰਨ ਕੀਤਾ ਜਾਂਦਾ ਹੈ। ਉੱਚ-ਸ਼ਕਤੀ ਵਾਲੇ ਟੀਕੇ ਕੁਝ ਦਿਨਾਂ ਦੇ ਅੰਦਰ ਪਸ਼ੂਆਂ ਦੀ ਰੱਖਿਆ ਕਰ ਸਕਦੇ ਹਨ (ਜਿਵੇਂ ਕਿ ਟੀਕਾਕਰਨ ਤੋਂ ਚਾਰ ਦਿਨ ਬਾਅਦ)।

★ ਟੀਕਾਕਰਨ ਤੋਂ ਪਹਿਲਾਂ ਬਿਮਾਰੀਆਂ ਲਈ ਪਸ਼ੂਆਂ ਦੇ ਝੁੰਡਾਂ/ਝੁੰਡਿਆਂ ਦੀ ਜਾਂਚ ਕਰਨ ਅਤੇ ਟੀਕਾਕਰਨ ਤੋਂ ਬਾਅਦ ਟੀਕਾਕਰਨ ਕੀਤੇ ਝੁੰਡਾਂ ਵਿਚ ਬਿਮਾਰੀ ਦੀ ਨਿਗਰਾਨੀ ਨੂੰ ਜਾਰੀ ਰੱਖਣ ਲਈ ਲੋੜੀਂਦੇ ਪਸ਼ੂਆਂ ਦੇ ਡਾਕਟਰਾਂ ਦੀ ਲੋੜ ਹੁੰਦੀ ਹੈ।

★ ਮੌਸਮ ਦੀ ਸਥਿਤੀ, ਹਵਾ ਦੀ ਦਿਸ਼ਾ, ਪਸ਼ੂ ਝੁੰਡ ਦੀ ਘਣਤਾ ਦੇ ਆਧਾਰ 'ਤੇ ਸੰਭਾਵਿਤ ਵਾਇਰਸ ਫੈਲਣ ਦਾ ਮੁਲਾਂਕਣ ਕਰਨ ਵਾਲੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਕੇ ਰਿੰਗ ਟੀਕਾਕਰਨ ਦੀ ਪ੍ਰਭਾਵਸ਼ੀਲਤਾ ਨੂੰ ਵਧਾਇਆ ਜਾ ਸਕਦਾ ਹੈ।

ਮਧੂ ਸ਼ੈਲੀ, ਡਾਇਰੈਕਟਰ ਪਸਾਰ ਸਿੱਖਿਆ,
ਮੋਬਾਈਲ : 96434-42427



# ਖੁਰਾਕ ਦਾ ਦੁੱਧ ਦੀ ਬਣਤਰ ਤੇ ਪ੍ਰਭਾਵ

ਪਰਮਿੰਦਰ ਸਿੰਘ,
ਕ੍ਰਿਸ਼ੀ ਵਿਗਿਆਨਕ ਕੇਂਦਰ, ਮੋਹਾਲੀ
ਮੋ. 98728-21140

ਹਰ ਇਕ ਡੇਅਰੀ ਪਾਲਕ ਦੀ ਖਾਹਿਸ਼ ਹੁੰਦੀ ਹੈ ਕਿ ਉਸਦੀ ਗਾਂ/ਮੱਝ ਵੱਧ ਤੋਂ ਵੱਧ ਦੁੱਧ ਦੇਵੇ। ਪਰ ਦੁੱਧ ਦੀ ਮਾਤਰਾ ਦੇ ਨਾਲ-ਨਾਲ ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਵੀ ਵੱਧ ਚਾਹੀਦੀ ਹੈ ਤਾਂ ਕਿ ਦੁੱਧ ਦਾ ਭਾਅ ਵੱਧ ਤੋਂ ਵੱਧ ਮਿਲੇ। ਆਪਣੇ ਸੂਬੇ ਵਿੱਚ ਦੁੱਧ ਦਾ ਭਾਅ ਗਾਂ ਲਈ ਫੈਟ ਅਤੇ ਗਰੈਵਿਟੀ ਅਤੇ ਮੱਝ ਲਈ ਫੈਟ ਦੇ ਨਿਰਭਰ ਹੁੰਦਾ ਹੈ। ਪਿਛਲੇ 2-3 ਸਾਲਾਂ ਤੋਂ ਦੁੱਧ ਦੇ ਭਾਅ ਪ੍ਰਤੀ ਸਾਰੇ ਡੇਅਰੀ ਪਾਲਕ ਨਿਰਾਸ਼ ਹਨ ਕਿ ਸਰਕਾਰ ਦੁੱਧ ਦਾ ਰੇਟ ਨਹੀਂ ਵਧਾ ਰਹੀ ਪਰ ਨਾਲ-ਨਾਲ ਜੋ ਰੇਟ ਲਗ ਵੀ ਰਿਹਾ ਹੈ ਉੱਥੇ ਤਸੱਲੀ ਨਹੀਂ ਹੋ ਰਹੀ ਕਿ ਸ਼ਾਇਦ ਫੈਟ ਅਤੇ ਗਰੈਵਿਟੀ ਦੀ ਮਿਣਤੀ ਠੀਕ ਨਹੀਂ ਹੋ ਰਹੀ ਜਾਂ ਸਾਡੀ ਲਵੇਰੀ ਆਸ ਮੁਤਾਬਿਕ ਫੈਟ/ਗਰੈਵਿਟੀ ਕਿਉਂ ਨਹੀਂ ਦੇ ਰਹੀ।

ਇਕ ਗੱਲ ਤਾਂ ਯਕੀਨੀ ਹੈ ਕਿ ਇੱਥੇ ਹਰ ਇਕ ਦੁੱਧ ਖਰੀਦਣ ਵਾਲੀ ਸੰਸਥਾ ਦਾ ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਕੱਢਣ ਦਾ ਤਰੀਕਾ ਅਲੱਗ-ਅਲੱਗ ਹੈ। ਹਰ ਇਕ ਸੰਸਥਾ ਦਾ ਦੁੱਧ ਖਰੀਦਣ ਦਾ ਭਾਅ ਵੀ ਅਲੱਗ-ਅਲੱਗ ਹੈ। ਇਹ ਤਾਂ ਇਕ ਡੇਅਰੀ ਪਾਲਕ ਨੇ ਸੋਚਣਾ ਹੈ ਕਿ ਦੁੱਧ ਕਿਹੜਾ ਪੈਦਾ ਕਰਨਾ, ਕਿੱਥੇ ਵੇਚਣਾ ਅਤੇ ਕਿੰਨੇ ਦਾ ਵੇਚਣਾ ਹੈ। ਸਰਕਾਰਾਂ ਨੇ ਦੁੱਧ ਦੇ ਮਿਆਰ ਤੈਅ ਕੀਤੇ ਹਨ ਇਸ ਕਰਕੇ ਸਾਨੂੰ ਉਹ ਮਿਆਰ ਤਾਂ ਯਕੀਨੀ ਬਣਾਉਣੇ ਹੀ ਪੈਣਗੇ। ਜੇ ਭਾਅ ਵੱਧ ਨਹੀਂ ਮਿਲ ਰਹੇ ਤਾਂ ਆਪਣੇ ਦੁੱਧ ਦੇ ਮਿਆਰ ਨੂੰ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਭਾਅ ਵੱਧ ਤੋਂ ਵੱਧ ਮਿਲੇ ਤੇ ਮੁਨਾਫਾ ਵੀ ਹੋ ਜਾਏ।

ਦੁੱਧ ਵਿੱਚ ਤਕਰੀਬਨ 85% ਪਾਣੀ ਹੁੰਦਾ ਹੈ। ਬਾਕੀ ਇਸ ਵਿੱਚ ਫੈਟ, ਪ੍ਰੋਟੀਨ, ਲੈਕਟੋਜ਼ ਖਣਿਜ ਪਦਾਰਥ ਆਦਿ ਹੁੰਦੇ ਹਨ। ਦੁੱਧ ਵਿਚਲੀ ਲੈਕਟੋਜ਼ (ਦੁੱਧ ਵਿਚਲੀ ਚੀਨੀ) ਅਤੇ ਪਦਾਰਥ ਹਰ ਜਾਨਵਰ ਨੇ ਆਪਣੀ ਜੱਦੀ ਸ਼ਕਤੀ ਅਨੁਸਾਰ ਦੇਣੇ ਹੁੰਦੇ ਹਨ, ਇਨ੍ਹਾਂ ਵਿੱਚ ਬਾਹਲਾ ਬਦਲਾਅ ਕਰਨਾ ਮੁਸ਼ਕਿਲ ਹੈ। ਪਰ ਦੁੱਧ ਦੀ ਫੈਟ ਅਤੇ ਪ੍ਰੋਟੀਨ ਵਧਾਉਣ ਘਟਾਉਣ ਨਾਲ ਇਨ੍ਹਾਂ ਦੇ ਭਾਅ ਤੇ ਅਸਰ ਪੈਂਦਾ ਹੈ। ਇਨ੍ਹਾਂ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨ ਦੇ ਯਤਨ ਜਾਰੀ ਰੱਖਣੇ ਚਾਹੀਦੇ ਹਨ।

ਬਾਹਰਲੇ ਮੁਲਕਾਂ ਵਿੱਚ ਦੁੱਧ ਦਾ ਰੇਟ ਦੁੱਧ ਵਿਚਲੀ ਪ੍ਰੋਟੀਨ ਤੇ ਨਿਰਭਰ ਹੁੰਦਾ ਹੈ। ਉੱਥੇ ਇਕ ਗਾਂ ਜਿਨ੍ਹਾਂ ਵੱਧ ਦੁੱਧ ਦੇਵੇਗੀ, ਕਿਸਾਨ ਨੂੰ ਪ੍ਰੋਟੀਨ ਦੇ ਹਿਸਾਬ ਨਾਲ ਇਕ ਦਿਨ ਦਾ ਭਾਅ ਵੱਧ ਮਿਲੇਗਾ। ਦੂਸਰਾ ਉੱਥੇ ਦੁੱਧ ਦੀ ਕੁਆਲਿਟੀ ਵਿੱਚ ਸੋਮੈਟਿਕ ਸੈੱਲ (SCC) ਦੀ ਗਿਣਤੀ ਆਦਿ ਵੀ ਦੇਖੀ ਜਾਂਦੀ ਹੈ ਤਾਂ ਕਿ ਇਹ ਘੱਟ ਤੋਂ ਘੱਟ ਹੋਣ, ਜਿਨ੍ਹੇ SCC ਘੱਟ ਹੋਵੇਗਾ ਉਨ੍ਹੇਂ ਹੀ ਦੁੱਧ ਤੋਂ ਬਣਨ ਵਾਲੇ ਪਦਾਰਥ ਜ਼ਿਆਦਾ ਅਤੇ ਮਿਆਰੀ ਬਣਨਗੇ ਤੇ ਲੇਵੇ ਦੀ ਸੋਜ ਵੀ ਘਟੇਗੀ। ਪਰ ਇੱਥੇ ਦੁੱਧ ਵਿਚਲੇ SCC ਤਾਂ ਦੂਰ ਕਦੇ ਕਿਸੇ ਨੇ ਖਰੀਦੇ ਜਾਂ ਵੇਚੇ ਜਾਣ ਵਾਲੇ ਦੁੱਧ ਵਿਚਲੀਆਂ ਕਈ ਕਿਸਮ ਦੀਆਂ ਦਵਾਈਆਂ, ਜ਼ਹਿਰਾਂ ਅਤੇ ਉੱਲੀ ਦੀਆਂ ਮਿਕਦਾਰਾਂ ਬਾਰੇ ਪਤਾ ਨਹੀਂ ਕੀਤਾ।

ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਮੁੱਖ ਰੂਪ ਵਿੱਚ ਜਾਨਵਰ ਤੇ ਨਿਰਭਰ ਕਰਦੀ ਹੈ। ਮੱਝਾਂ ਦੀ ਫੈਟ ਅਤੇ ਗਰੈਵਿਟੀ ਗਾਵਾਂ ਨਾਲੋਂ ਵੱਧ ਹੈ। ਵਲਾਇਤੀ ਨਸਲਾਂ ਵਿਚੋਂ ਜਰਸੀ ਗਾਂ ਦੀ ਫੈਟ ਅਤੇ ਗਰੈਵਿਟੀ ਹੋਲਸਟੀਨ ਨਾਲੋਂ ਵੱਧ ਹੈ। ਗਾਂ ਨੂੰ ਗਰਭ ਦਾ ਟੀਕਾ ਲਗਾਉਣ ਲੱਗਿਆਂ ਕਦੇ ਉਸ ਟੀਕੇ ਉੱਪਰ ਲਿਖਿਆ ਨੰਬਰ ਨਹੀਂ ਦੇਖਿਆ, ਉਹ ਇਕ ਸਾਨ੍ਹ ਦਾ ਨੰਬਰ ਹੁੰਦਾ ਹੈ, ਉੱਥੋਂ ਉਸ ਦੇ ਪਿਛੋਕੜ ਦਾ ਪਤਾ ਚੱਲਦਾ ਹੈ ਕਿ ਇਸ ਦੀ ਮਾਂ ਦੇ ਦੁੱਧ ਵਿੱਚ ਸੂਏ ਦੀ ਕਿੰਨੀ ਫੈਟ ਸੀ। ਸਾਰੇ ਕਿਸਾਨ ਸੂਏ ਦੇ ਦੁੱਧ ਤੇ ਹੀ ਵੀਰਜ ਦੀ ਵਰਤੋਂ ਕਰੀ ਜਾਂਦੇ ਹਨ। ਜੇ ਸੂਏ ਦਾ ਦੁੱਧ ਵੱਧ ਹੋਵੇਗਾ ਤਾਂ ਫੈਟ ਘੱਟ ਹੋਣਾ ਨਿਸ਼ਚਿਤ ਹੈ।

ਲਵੇਰੀਆਂ ਦੀ ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਪਹਿਲੇ 3-4 ਸੂਏ ਵੱਧਦੀ ਹੈ ਤੇ ਬਾਅਦ ਵਿੱਚ ਘੱਟਣੀ ਸ਼ੁਰੂ ਹੋ ਜਾਂਦੀ ਹੈ ਤੇ ਦੁੱਧ ਵੀ ਘੱਟਦਾ ਹੈ ਤੇ ਪ੍ਰਜਨਣ ਸਮੱਸਿਆਵਾਂ ਵੀ ਆਉਣ ਲੱਗ ਜਾਂਦੀਆਂ ਹਨ। ਇਸੇ ਕਰਕੇ ਸਿਆਣੇ ਡੇਅਰੀ ਪਾਲਕ ਆਪਣੇ 4-5 ਸੂਏ ਬਾਅਦ ਵੇਚ ਦਿੰਦੇ ਹਨ। ਜਦ ਕੋਈ ਲਵੇਰਾ ਗੱਭਣ ਹੋ ਜਾਂਦਾ ਹੈ ਤਾਂ ਉਸ ਦਾ ਦੁੱਧ ਘੱਟਣ ਲੱਗਦਾ ਹੈ, ਅਕਸਰ ਹੀ ਸੁਣਦੇ ਹਾਂ ਕਿ ਭਲਿਆਟ ਮਹਿ ਦੀ ਫੈਟ ਵੱਧ ਹੁੰਦੀ ਹੈ। ਕਈ ਵਾਰ ਬਿਮਾਰੀ ਜਾਂ ਕਿਸੇ ਦਬਾਅ ਦੇ ਕਾਰਣ ਜਾਨਵਰ ਦੀ ਫੈਟ ਅਤੇ ਗਰੈਵਿਟੀ ਘਟ



ਜਾਂਦੀ ਹੈ। ਪਰ ਇਹ ਸਾਰੇ ਨੁਕਤੇ ਪ੍ਰਬੰਧਕੀ ਹਨ। ਇਨ੍ਹਾਂ ਤੇ ਕੰਟਰੋਲ ਕਰਨਾ ਮੁਸ਼ਕਿਲ ਹੈ। ਇਹ ਤਾਂ ਹੁੰਦਾ ਹੀ ਰਹਿਣਾ ਹੈ। ਲੋੜ ਹੈ ਆਪਣੇ ਲਵੇਰਿਆਂ ਨੂੰ ਦਿੱਤੀ ਜਾ ਰਹੀ ਖੁਰਾਕ ਦੀ ਜਿਸ ਸਦਕਾ ਫੈਟ, ਗਰੈਵਿਟੀ ਤੇ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ।

ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਤੇ ਸਭ ਤੋਂ ਵੱਧ ਅਸਰ ਜੇ ਹੈ ਤਾਂ ਉਹ ਹੈ ਲਵੇਰੇ ਦੀ ਖੁਰਾਕ ਖਾਣ ਦੀ ਸਮਰੱਥਾ ਦਾ ਇਕ ਗਾਂ/ਮੱਝ ਦਿਨ ਦਾ ਕਿੰਨ੍ਹਾਂ ਕੁ ਖਾ ਸਕਦੀ ਹੈ। ਇਕ ਲਵੇਰੇ ਨੂੰ ਰੱਜਵੀਂ ਖੁਰਾਕ ਮਿਲਣੀ ਚਾਹੀਦੀ ਹੈ। ਰੱਜਵੀਂ ਦਾ ਮਤਲਬ ਜਾਨਵਰ ਬੈਠਾ ਜੁਗਾਲੀ ਕਰ ਰਿਹਾ ਹੈ ਤੇ ਉਸਦੀ ਖੁਰਲੀ ਵਿੱਚ ਅਜੇ ਵੀ ਹਰਾ ਜਾਂ ਵੰਡ ਪਿਆ ਹੈ। ਇੱਥੇ ਅਕਸਰ ਕਿਸਾਨ ਕਹਿੰਦੇ ਹਨ ਕਿ ਜਿਨ੍ਹਾਂ ਦਿਉ ਇਹ ਉਨ੍ਹਾਂ ਹੀ ਖਾ ਜਾਂਦੀਆਂ ਹਨ। ਪੰਜਾਬ ਵਿੱਚ ਬਹੁਤੇ ਲਵੇਰੀਆਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਰੱਜਵਾਂ ਰਾਸ਼ਨ ਨਹੀਂ ਮਿਲਦਾ। ਇਕ ਵਧੇਰੇ ਦੁੱਧ ਤੋਰ ਤੇ ਇੱਕ 20-25 ਕਿਲੋ ਵਾਲੀ ਗਾਂ ਜੋ 550 ਕਿਲੋ ਦੀ ਹੈ ਉਹ ਦਿਨ ਦਾ 35-40 ਕਿਲੋ ਹਰਾ, 1-2 ਕਿਲੋ ਤੂੜੀ ਅਤੇ 8-10 ਕਿਲੋ ਫੀਡ ਖਾ ਸਕਦੀ ਹੈ।

ਇਕ ਗੱਲ ਤਾਂ ਸਾਫ ਹੋ ਗਈ ਕਿ ਵੱਧ ਖੁਰਾਕ ਖਾਣ ਨਾਲ ਫੈਟ ਅਤੇ ਗਰੈਵਿਟੀ ਵੱਧਦੀ ਹੈ। ਪਰ ਖੁਰਾਕ ਲਵੇਰੇ ਦੀ ਪਸੰਦ ਦੀ ਹੋਣੀ ਚਾਹੀਦੀ ਹੈ। ਲਵੇਰੇ ਨੂੰ ਸੁੱਕੇ ਮਾਦੇ ਵਿੱਚ ਚਾਰੇ ਤੇ ਵੰਡ ਦੇਣਾ ਚਾਹੀਦਾ ਹੈ ਜਿਸ ਦਾ ਅਨੁਪਾਤ 70:30 ਤੋਂ ਲੈ ਕੇ 40:60 ਤੱਕ ਰੱਖਿਆ ਜਾ ਸਕਦਾ ਹੈ, ਇਹ ਨਿਰਭਰ ਕਰੇਗਾ ਲਵੇਰੇ ਦੀ ਦੁੱਧ ਦੇਣ ਦੀ ਸਮਰੱਥਾ ਤੇ। ਪਰ ਵੰਡ ਵੱਧ ਪਾ ਕੇ ਰਜਾਉਣ ਨਾਲ ਜਿੱਥੇ ਰਾਸ਼ਨ ਮਹਿੰਗਾ ਬਣਦਾ ਹੈ, ਉੱਥੇ ਲਵੇਰਿਆਂ ਵਿੱਚ ਤੇਜ਼ਾਬੀਪਣ ਅਤੇ ਲੰਗੜੇਪਣ ਦੀ ਸਮੱਸਿਆਵਾਂ ਆ ਸਕਦੀਆਂ ਹਨ। ਸਰਦੀਆਂ ਵਾਲੇ ਚਾਰੇ ਵਿੱਚ ਪ੍ਰੋਟੀਨ ਵੱਧ ਹੁੰਦੀ ਹੈ ਇਸ ਕਰਕੇ ਗਰਮੀਆਂ/ਸਰਦੀਆਂ ਵਿੱਚ ਵੰਡ ਵਿਚਲੀ ਪ੍ਰੋਟੀਨ ਵੀ ਘੱਟ / ਵੱਧ ਹੋਣੀ ਚਾਹੀਦੀ ਹੈ।

ਲਵੇਰੀਆਂ ਦੀ ਖੁਰਲੀ ਕਦੇ ਵੀ ਖਾਲੀ ਨਹੀਂ ਰਹਿਣੀ ਚਾਹੀਦੀ। ਜਾਨਵਰ ਦਾ ਜਦ ਜੀ ਕਰੇ ਖਾਣ ਨੂੰ ਉਸਦੇ ਸਾਹਮਣੇ ਹਰਾ/ਵੰਡ ਹੋਣਾ ਚਾਹੀਦਾ, ਤਾਂ ਹੀ ਫੈਟ/ਗਰੈਵਿਟੀ ਤੇ ਅਸਰ ਪੈਣਾ। ਸਿਆਣੇ ਕਿਸਾਨ ਦਿਨ ਵਿੱਚ 4-5 ਵਾਰੀ ਹਰਾ/ਫੀਡ ਦਿੰਦੇ ਹਨ, ਜਿਸ ਨਾਲ ਜਾਨਵਰ ਵੱਧ ਖਾਂਦਾ ਹੈ ਤੇ ਮਿਆਰੀ ਦੁੱਧ ਪੈਦਾ ਕਰਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਬਹੁਤੇ ਡੇਅਰੀ ਪਾਲਕ ਫੀਡ ਨੂੰ ਗਿੱਲਾ ਕਰਕੇ ਖੁਆਉਂਦੇ ਹਨ। ਉਨ੍ਹਾਂ ਲਵੇਰਿਆਂ ਦੀ ਫੈਟ/ਗਰੈਵਿਟੀ ਹਮੇਸ਼ਾਂ ਘੱਟਗੀ। ਮਜ਼ਬੂਰੀ ਦੇ ਮਾਰੇ ਕਿ ਹਰਾ ਹੈ ਨਹੀਂ ਘੱਟ ਹੈ, ਉੱਪਰੋਂ ਤੂੜੀ ਅਤੇ ਵੰਡ ਸੁੱਕੀ ਤਾਂ ਪਸ਼ੂ ਨੇ ਨਹੀਂ ਖਾਣੀ, ਇਸ ਕਰਕੇ ਗਿੱਲਾ ਕਰਕੇ ਖੁਆਉਣ ਦਾ ਯਤਨ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਜਾਨਵਰ ਜੁਗਾਲੀ ਘੱਟ ਕਰਦੇ ਹਨ ਅਤੇ ਫੈਟ ਗਰੈਵਿਟੀ ਘੱਟਦੀ ਹੈ। ਆਮ ਹਾਲਤਾਂ ਵਿੱਚ ਜੇ 30-35 ਕਿੱਲੋ ਹਰਾ ਤੇ 1-2 ਕਿੱਲੋ ਤੂੜੀ ਤੇ ਜੇ ਫੀਡ 8 ਕਿੱਲੋ ਦੇ ਦਿੱਤੀ ਜਾਏ ਤਾਂ ਇਹ ਮਿਸ਼ਰਤ ਖੁਰਾਕ ਦੀ ਨਮੀਂ 40-50% ਹੁੰਦੀ ਹੈ, ਲਵੇਰੇ ਖੁਰਾਕ ਖਾਣ ਲੱਗਿਆਂ ਲੱਗਭਗ 50 ਫੀਸਦੀ ਨਮੀਂ ਪਸੰਦ ਕਰਦੇ ਹਨ, ਜਿਹੜੀ ਕਿ ਅਸੀਂ ਹਰੇ ਦੀ ਥਾਂ ਤੇ ਪਾਣੀ ਪਾ ਕੇ ਪੂਰੀ ਕਰਦੇ ਹਾਂ।

ਇਹ ਵੀ ਦੇਖਿਆ ਗਿਆ ਹੈ ਕਿ ਤਕੜਾ ਜਾਨਵਰ ਮਾੜੇ ਜਾਨਵਰ ਨੂੰ ਖਾਣ ਨਹੀਂ ਦਿੰਦਾ, ਇਸ ਕਰਕੇ ਜਾਨਵਰ ਨੂੰ ਉਨ੍ਹਾਂ ਦੀ ਪੈਦਾਵਾਰ ਤੇ ਭਾਰ ਅਨੁਸਾਰ ਸ਼੍ਰੇਣੀਆਂ ਵਿੱਚ ਵੰਡਣਾ ਚਾਹੀਦਾ ਹੈ। ਲਵੇਰੀਆਂ ਦੀ ਖੁਰਾਕ ਵਿੱਚ ਅਚਾ ਨਕ ਤਬਦੀਲੀ ਨਹੀਂ ਕਰਨੀ ਚਾਹੀਦੀ। ਇਸ ਨਾਲ ਪਸ਼ੂ ਖੁਰਾਕ ਘਟ ਖਾਂਦੇ ਹਨ ਤੇ ਦੁੱਧ ਵਿਚਲੀ ਬਣਤਰ ਹਿਲਦੀ ਹੈ। ਗਰਮੀਆਂ ਵਿੱਚ ਅਕਸਰ ਫੈਟ/ਗਰੈਵਿਟੀ ਦੀ ਸਮੱਸਿਆ ਆਉਂਦੀ ਹੈ ਕਾਰਣ-ਖੁਰਾਕ ਖਾਣ ਵਿੱਚ ਕਮੀਂ। ਸੋ ਸਾਨੂੰ ਗਰਮੀਆਂ ਵਿੱਚ ਸਵੇਰੇ ਜਲਦੀ ਅਤੇ ਸ਼ਾਮ ਨੂੰ ਦੇਰ ਬਾਅਦ ਖੁਰਾਕ ਦੇਣੀ ਚਾਹੀਦੀ ਹੈ ਤਾਂ ਕਿ ਜਾਨਵਰ ਠੰਡੇ ਵਿਹਲੇ ਹੀ ਇਸਨੂੰ ਪਚਾਉਣ।

ਵਧੇਰੇ ਫੈਟ ਲਈ ਸਾਨੂੰ ਚਾਰੇ ਦੇ ਕੁੱਤਰੇ ਦਾ ਆਕਾਰ ਵੀ ਦੇਖਣਾ ਚਾਹੀਦਾ ਹੈ। ਇਹ ਦੇਖਿਆ ਗਿਆ ਹੈ ਕਿ ਜੇ ਚਾਰੇ ਦਾ ਆਕਾਰ (Particle Size) 1.5 ਇੰਚ ਤੋਂ ਘੱਟ ਹੈ ਤਾਂ ਫੈਟ ਦੀ ਮਾਤਰਾ ਘੱਟਦੀ ਹੈ ਪਰ ਗਰੈਵਿਟੀ ਵਿੱਚ ਵਾਧਾ ਦੇਖਿਆ ਗਿਆ ਹੈ। ਛੋਟੇ ਆਕਾਰ ਦਾ ਹਰਾ ਰਿਊਮਨ ਵਿੱਚ ਜ਼ਿਆਦਾ ਦੇਰ ਤੱਕ ਨਹੀਂ ਠਹਿਰਦਾ ਨਤੀਜੇ ਵਜੋਂ ਅਣਪਚਿਆ ਚੱਲਿਆ ਗਿਆ, ਉਸ ਤੋਂ ਜੋ ਐਸਿਟਿਕ ਐਸਿਡ ਪੈਦਾ ਹੋਣਾ ਸੀ, ਉਹ ਘੱਟ ਕਿਆ ਤੇ ਫੈਟ ਘੱਟ ਗਈ। ਅੱਜਕੱਲ ਦੇਖਣ ਵਿੱਚ ਆਇਆ ਹੈ ਕਿ ਜੋ ਕਿਸਾਨ ਹਰੇ ਦਾ ਆਚਾਰ ਬਣਾਉਂਦੇ ਹਨ, ਉਹ ਬਾਹਰਲੇ ਮੁਲਕਾਂ ਦੀ ਰੀਸ ਕਰਕੇ ਹਰੇ ਚਾਰੇ ਦਾ ਆਕਾਰ ਇੱਕ ਇੰਚ ਤੋਂ ਵੀ ਘੱਟ ਰੱਖ ਰਹੇ ਹਨ, ਜਿਸ ਸਦਕਾ ਦੁੱਧ ਵਿਚਲੀ ਫੈਟ ਦੀ ਸ਼ਿਕਾਇਤ ਰਹਿੰਦੀ ਹੈ। ਆਕਾਰ ਘਟਾਉਣ ਨਾਲ ਸਾਈਲੇਜ ਜ਼ਰੂਰ ਵਧੀਆ ਬਣਦਾ ਹੈ ਕਿਉਂਕਿ ਦੱਬਿਆ ਵਧੀਆ ਜਾਂਦਾ ਹੈ।

ਵਧੇਰੇ ਦੁੱਧ ਲੈਣ ਲਈ ਖੁਰਾਕ ਵਿੱਚ ਊਰਜਾ ਦੀ ਲੋੜ ਹੁੰਦੀ ਹੈ। ਪੱਠਿਆਂ ਤੋਂ ਇਲਾਵਾ ਖੁਰਾਕ ਵਿੱਚ ਅਨਾਜਾਂ ਦਾ ਉਪਯੋਗ ਵੱਧ ਗਿਆ ਹੈ। ਪਰ ਜਦੋਂ ਦੀ ਵੰਡ ਵਿੱਚ ਅਨਾਜ 25-30 ਫੀਸਦੀ ਤੋਂ ਵੱਧ ਦੇਣਾ ਹੈ ਤਾਂ ਇਸ ਵਿਚਲੇ ਮੈਦੇ ਕਾਰਨ ਰਿਊਮਨ ਦੀ ਪੀ. ਐਚ (pH) ਘੱਟਦੀ ਹੈ ਤੇ ਜੇ 5.0 ਤੋਂ ਥੱਲੇ ਹੋ ਗਈ ਤਾਂ ਪਸ਼ੂ ਤੇਜ਼ਾਬੀਪਨ ਦੇ ਸ਼ਿਕਾਰ ਹੁੰਦੇ ਹਨ ਤੇ ਫੈਟ ਘੱਟ ਜਾਂਦੀ ਹੈ। ਦੁੱਧ ਵਿਚਲੀ ਫੈਟ ਦਾ ਆਮ ਨਾਲੋਂ ਜ਼ਿਆਦਾ ਘੱਟਣਾ ਆਪਣੇ ਆਪ ਵਿੱਚ ਹੀ ਲਵੇਰੇ ਵੱਲੋਂ ਦਿੱਤਾ ਗਿਆ ਸੂਚਕ ਹੈ ਕਿ ਤੇਜ਼ਾਬੀਪਣ ਦਾ ਸ਼ਿਕਾਰ ਹੈ। ਵੰਡ ਵਿੱਚ ਵੱਧ ਅਨਾਜ ਪਾਉਣ ਦੇ ਨਾਲ-ਨਾਲ ਬਫਰ ਤੇ ਯੀਸਟ ਦਾ ਇਸਤੇਮਾਲ ਕਰ ਲੈਣਾ ਚਾਹੀਦਾ ਹੈ। ਕੁੱਝ ਪਦਾਰਥ ਜਿਹੜੇ ਲੈਕਟਿਕ ਐਸਿਡ ਨੂੰ ਘਟਾਉਂਦੇ ਹਨ, ਉਹਨਾਂ ਦਾ ਉਪਯੋਗ ਕਰਨਾ ਚਾਹੀਦਾ ਹੈ। ਵੰਡ ਨੂੰ ਜੇ ਭਾਫ ਪ੍ਰਣਾਲੀ ਨਾਲ ਤਿਆਰ ਗੋਲੀਆਂ ਦੇ ਰੂਪ ਵਿੱਚ ਵਰਤੀਏ ਤਾਂ ਵੀ ਫੈਟ/ਗਰੈਵਿਟੀ ਵੱਧ ਸਕਦੀਆਂ ਹਨ ਕਿਉਂਕਿ ਭਾਫ ਕਾਰਨ ਅਨਾਜ ਵਿਚਲੇ ਮਾਦੇ ਦੀ ਪਾਚਣ ਸ਼ਕਤੀ ਵੱਧ ਜਾਂਦੀ ਹੈ।

ਖੁਰਾਕ ਵਿਚਲੀ ਪ੍ਰੋਟੀਨ ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ। ਬਾਜ਼ਾਰੀ ਫੀਡਾਂ ਜਿਨ੍ਹਾਂ ਵਿੱਚ ਅਕਸਰ ਯੂਰੀਆ ਲੋੜ ਤੋਂ ਵੱਧ ਹੁੰਦਾ ਹੈ, ਖਾ ਕੇ ਲਵੇਰਿਆਂ ਦੇ ਖੂਨ ਦੀ (pH) ਵੱਧਦੀ ਹੈ, ਖੁਰਾਕ ਖਾਣ ਦੀ ਸਮਰੱਥਾ ਘੱਟਦੀ ਹੈ ਤੇ ਗਰੈਵਿਟੀ ਅਤੇ ਪ੍ਰਜਨਣ ਤੇ ਮਾੜਾ ਅਸਰ ਪੈਂਦਾ ਹੈ। ਬਾਜ਼ਾਰ ਵਿੱਚ ਲੱਗਭਗ 10-12 ਕਿਸਮਾਂ ਦੀਆਂ ਖੱਲ੍ਹਾਂ ਮਿਲਦੀਆਂ ਹਨ। ਉਨ੍ਹਾਂ ਦੀ ਬਣਤਰ ਇਕਸਾਰ ਨਹੀਂ ਮਿਲਦੀ। ਖੱਲ੍ਹਾਂ ਵਿੱਚ ਮਿਲਾਵਟ ਇੱਥੋਂ ਤਕ ਕਿ ਨਮਕ ਪਾਇਆ ਜਾਂਦਾ ਹੈ, ਪ੍ਰੋਟੀਨ ਦੀ ਪੂਰਤੀ ਨਹੀਂ ਹੁੰਦੀ, ਨਤੀਜਾ ਗਰੈਵਿਟੀ ਗਿਰਦੀ ਹੈ। ਅੱਜ ਕੱਲ ਕੁੱਲ ਪ੍ਰੋਟੀਨ ਦੇ ਨਾਲ-ਨਾਲ ਵੰਡ ਵਿੱਚ ਬਾਈਪਾਸ ਤੇ ਟੁੱਟਣ ਵਾਲੀ ਪ੍ਰੋਟੀਨ ਕਿੰਨੀ ਹੈ, 94 ਫੀਸਦੀ ਫੀਡ ਨਿਰਮਾਤਾਵਾਂ ਨੂੰ ਨਹੀਂ ਪਤਾ। ਜੇ ਬਾਈਪਾਸ ਪ੍ਰੋਟੀਨ ਵਧਾਈਏ ਤਾਂ ਸਗੋਂ ਗਰੈਵਿਟੀ ਘੱਟ ਜਾਂਦੀ ਹੈ ਕਿਉਂਕਿ ਸਾਰੀ ਬਾਈਪਾਸ ਹੋ ਗਈ ਤੇ ਮਹਿੰਗੀ ਵੀ ਪੈਂਦੀ ਹੈ। ਇਸ ਕਰਕੇ ਇਕ ਲਵੇਰੇ ਨੂੰ ਜਿੰਨੀ ਵੀ ਪ੍ਰੋਟੀਨ ਦਿਨ ਦੀ ਚਾਹੀਦੀ ਹੈ ਉਸ ਵਿੱਚ ਕਿੰਨੀ ਬਾਈਪਾਸ ਜਾਂ ਟੁੱਟਣ ਵਾਲੀ ਹੋਵੇ, ਇਕ ਖੁਰਾਕ ਮਾਹਿਰ ਦੀ ਸਲਾਹ ਨਾਲ ਵੰਡ ਬਣਾਉਣਾ ਚਾਹੀਦਾ ਹੈ। ਬਾਈਪਾਸ ਫੈਟ ਅਕਸਰ ਸੱਜਰ ਲਵੇਰੀਆ ਨੂੰ ਖੁਆਉਣ ਦੀ ਸਿਫਾਰਿਸ਼ ਹੁੰਦੀ ਹੈ। ਪਰ ਅੱਜਕੱਲ ਦੇਖਾ ਦੇਖੀ ਬਾਈਪਾਸ ਫੈਟ ਦਾ ਇਸਤੇਮਾਲ ਕੁਝ ਜ਼ਿਆਦਾ ਹੋਣ ਲੱਗ ਪਿਆ ਹੈ। ਜੇ ਖੁਰਾਕ ਵਿੱਚ ਊਰਜਾ ਘੱਟ ਹੈ ਤਾਂ ਕੁਦਰਤੀ ਤੌਰ ਤੇ ਫੈਟ/ਗਰੈਵਿਟੀ ਘੱਟ ਹੋਣਗੀਆਂ। ਬਾਈਪਾਸ ਫੈਟ ਦੀ ਵਰਤੋਂ ਨਾਲ ਕੁੱਝ ਹੱਦ ਤੱਕ ਫੈਟ/ਗਰੈਵਿਟੀ ਵੱਧਦੀ ਹੈ। ਪਰ ਉਹ ਫੈਟ ਬਣਤਰ ਕਿਹੋ ਜਿਹੀ ਹੈ। ਉਸ ਵਿਚਲੇ ਫੈਟੀ ਐਸਿਡ ਕਿਹੋ ਜਿਹੇ ਹਨ। ਇਹ ਦੇਖਿਆ ਗਿਆ ਹੈ ਕਿ ਵੱਧ ਬਾਈਪਾਸ ਫੈਟ ਦੀ ਵਰਤੋਂ ਨਾਲ ਵੀ ਦੁੱਧ ਵਿਚਲੀ ਫੈਟ ਤੇ ਮਾੜਾ ਅਸਰ ਪੈਂਦਾ ਹੈ। ਖੁਰਾਕ ਵਿਚ ਆਮ ਹਾਲਤਾਂ ਵਿੱਚ 4-5 ਫੀਸਦੀ ਹੀ ਫੈਟ ਹੋਣੀ ਚਾਹੀਦੀ ਹੈ।

ਜੇ ਸੰਤੁਲਿਤ ਖੁਰਾਕ ਦੀ ਵਰਤੋਂ ਹੋਏ ਤਾਂ ਊਰਜਾ, ਫੈਟ ਅਤੇ ਪ੍ਰੋਟੀਨ ਦੀ ਪੂਰੀ ਮਿਕਦਾਰ ਵਿੱਚ ਮਿਲਦੇ ਹਨ। ਇਨ੍ਹਾਂ ਸਦਕਾ ਲਵੇਰਾ ਆਪਣੀ ਜੱਦ ਅਤੇ ਸਮਰੱਥਾ ਅਨੁਸਾਰ ਦੁੱਧ ਦੀ ਪੈਦਾਵਾਰ ਕਰਦਾ ਹੈ ਤੇ ਉਸ ਵਿਚਲੀ ਫੈਟ ਅਤੇ ਗਰੈਵਿਟੀ ਵੀ ਤਸੱਲੀ ਬਖਸ਼ ਰਹਿੰਦੇ ਹਨ।

ਇਕ ਗੱਲ ਤਾਂ ਯਕੀਨੀ ਹੈ ਕਿ ਇੱਥੇ ਹਰ ਇਕ ਦੁੱਧ ਖਰੀਦਣ ਵਾਲੀ ਸੰਸਥਾ ਦਾ ਦੁੱਧ ਵਿਚਲੀ ਫੈਟ ਅਤੇ ਗਰੈਵਿਟੀ ਕੱਢਣ ਦਾ ਤਰੀਕਾ ਅਲੱਗ-ਅਲੱਗ ਹੈ। ਹਰ ਇਕ ਸੰਸਥਾ ਦਾ ਦੁੱਧ ਖਰੀਦਣ ਦਾ ਭਾਅ ਵੀ ਅਲੱਗ-ਅਲੱਗ ਹੈ। ਇਹ ਤਾਂ ਇਕ ਡੇਅਰੀ ਪਾਲਕ ਨੇ ਸੋਚਣਾ ਹੈ ਕਿ ਦੁੱਧ ਕਿਹੜਾ ਪੈਦਾ ਕਰਨਾ, ਕਿੱਥੇ ਵੇਚਣਾ ਅਤੇ ਕਿੰਨੇ ਦਾ ਵੇਚਣਾ ਹੈ। ਸਰਕਾਰਾਂ ਨੇ ਦੁੱਧ ਦੇ ਮਿਆਰ ਤੈਅ ਕੀਤੇ ਹਨ ਇਸ ਕਰਕੇ ਸਾਨੂੰ ਉਹ ਮਿਆਰ ਤਾਂ ਯਕੀਨੀ ਬਣਾਉਣੇ ਹੀ ਪੈਣਗੇ। ਜੇ ਭਾਅ ਵੱਧ ਨਹੀਂ ਮਿਲ ਰਹੇ ਤਾਂ ਆਪਣੇ ਦੁੱਧ ਦੇ ਮਿਆਰ ਨੂੰ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਭਾਅ ਵੱਧ ਤੋਂ ਵੱਧ ਮਿਲੇ ਤੇ ਮੁਨਾਫਾ ਵੀ ਹੋ ਜਾਏ।

# ਖਾਰੇ-ਲੂਣੇ ਪਾਣੀ ਦੀ ਮਾਰ ਤੋਂ ਬਚਾਉਂਦੀ ਹੈ ਹਰੀ ਖਾਦ

ਪ੍ਰਿਤਪਾਲ ਸਿੰਘ / ਨਵਨੀਤ ਕੌਰ / ਅੰਗਰੇਜ਼ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ ਬਠਿੰਡਾ ।

ਪੰਜਾਬ ਵਿਚ ਸੰਘਣੀ ਖੇਤੀ, ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ ਅਤੇ ਲੰਮੇ ਸਮੇਂ ਤੋਂ ਅਪਣਾਏ ਜਾ ਰਹੇ ਝੋਨਾ-ਕਣਕ ਫਸਲੀ ਚੱਕਰ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘਟ ਰਹੀ ਹੈ । ਪੰਜਾਬ ਵਿਚ ਲਗਭਗ 40 % ਰਕਬੇ 'ਚ ਜ਼ਮੀਨ ਹੇਠਲੇ ਪਾਣੀ ਵਿਚ ਨਮਕ ਦੀ ਮਾਤਰਾ ਕਾਫੀ ਜ਼ਿਆਦਾ ਹੈ । ਸਿੰਜਾਈ ਲਈ ਵਰਤੇ ਜਾਂਦੇ ਧਰਤੀ ਹੇਠਲੇ ਲੂਣੇ ਜਾਂ ਖਾਰੇ ਪਾਣੀਆਂ ਕਰ ਕੇ ਵੀ ਜ਼ਮੀਨ ਦੀ ਸਿਹਤ ਅਤੇ ਫਸਲਾਂ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ । ਗਰਮੀਆਂ ਦੀ ਰੁੱਤ ਵਿਚ ਵਧੇਰੇ ਤਾਪਮਾਨ ਹੋਣ ਕਾਰਨ ਜ਼ਮੀਨ ਵਿਚਲਾ ਜੈਵਿਕ ਮਾਦਾ ਨਸ਼ਟ ਹੋ ਜਾਂਦਾ ਹੈ ਅਤੇ ਜ਼ਮੀਨ ਦੀ



ਸਿਹਤ ਕਮਜ਼ੋਰ ਹੁੰਦੀ ਹੈ । ਜ਼ਮੀਨ ਦੀ ਸਿਹਤ ਖਰਾਬ ਹੋਣ ਨਾਲ ਖੁਰਾਕੀ ਤੱਤਾਂ ਦੀ ਉਪਲੱਬਧਤਾ ਘਟ ਜਾਂਦੀ ਹੈ ਅਤੇ ਸੂਖਮ ਤੱਤਾਂ ਜਿਵੇਂ ਲੋਹਾ, ਜ਼ਿੰਕ, ਮੈਂਗਨੀਜ਼ ਆਦਿ ਤੱਤਾਂ ਦੀ ਘਾਟ ਵਧ ਜਾਂਦੀ ਹੈ । ਫਸਲਾਂ ਤੋਂ ਲਗਾਤਾਰ ਚੰਗਾ ਝਾੜ ਲੈਣ ਲਈ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਪੀ ਏ ਯੂ) ਦੀ ਖੋਜ ਦਰਸਾਉਂਦੀ ਹੈ ਕਿ ਹਰੀਆਂ ਖਾਦਾਂ ਦੀ ਵਰਤੋਂ ਨਾਲ ਫਸਲਾਂ ਦਾ ਝਾੜ ਵਧਦਾ ਹੈ, ਫਸਲਾਂ ਉੱਪਰ ਲੂਣੇ-ਖਾਰੇ ਪਾਣੀਆਂ ਦਾ ਮਾੜਾ ਅਸਰ ਘਟਦਾ ਹੈ ਅਤੇ ਜ਼ਮੀਨ ਦੀ ਸਿਹਤ ਵੀ ਸੁਧਰਦੀ ਹੈ । ਜ਼ਮੀਨ ਦੀ ਸਿਹਤ ਨਹੀ ਫਸਲੀ ਰਹਿੰਦ-ਖੂੰਹਦ, ਜੈਵਿਕ ਖਾਦਾਂ ਦੇ ਨਾਲ-ਨਾਲ ਹਰੀ ਖਾਦ ਨੂੰ ਜ਼ਮੀਨ 'ਚ ਦਬਾਉਣਾ ਜ਼ਰੂਰੀ ਹੈ ।

ਹਰੀ ਖਾਦ ਲਈ ਵਰਤੀਆਂ ਜਾਣ ਵਾਲੀਆਂ ਫਲੀਦਾਰ ਫਸਲਾਂ ਰਾਈਜ਼ੋਬੀਅਮ ਨਾਂ ਦੇ ਜੀਵਾਣੂੰ ਦੇ ਸੁਮੇਲ ਨਾਲ ਹਵਾ ਵਿੱਚੋਂ ਨਾਈਟ੍ਰੋਜਨ ਪੌਦੇ ਦੀਆਂ ਜੜ੍ਹਾਂ ਵਿਚਲੀਆਂ ਗੰਢਾਂ ਵਿਚ ਜਮ੍ਹਾਂ ਕਰ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੀਆਂ ਹਨ । ਪੀ ਏ ਯੂ ਵੱਲੋਂ ਢੈਂਚਾ (ਜੰਤਰ), ਸਣ, ਗੁਆਰਾ ਅਤੇ ਰਵਾਂਹ ਦੀ ਫਸਲ ਨੂੰ ਬਤੌਰ ਹਰੀ ਖਾਦ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ; ਹਰੀ ਖਾਦ ਲਈ ਜੰਤਰ ਅਤੇ ਸਣ ਅਜਿਹੀਆਂ ਫਸਲਾਂ ਹਨ ਜੋ ਆਸਾਨੀ ਨਾਲ ਗਲ ਜਾਂਦੀਆਂ ਹਨ ਅਤੇ ਥੋੜ੍ਹੇ ਸਮੇਂ ਵਿਚ ਕਾਫੀ ਮਾਤਰਾ ਵਿਚ ਹਰੀ ਖਾਦ ਪੈਦਾ ਕਰਦੀਆਂ ਹਨ ।

**ਜ਼ਮੀਨ ਵਿਚ ਹਰੀ ਖਾਦ ਦਬਾਉਣ ਦੇ ਲਾਭ**

★ ਹਰੀਆਂ ਖਾਦਾਂ ਮੁੱਖ ਤੌਰ ਕੇ ਜ਼ਮੀਨ ਵਿਚ ਨਾਈਟ੍ਰੋਜਨ ਜਮ੍ਹਾਂ ਕਰਦੀਆਂ ਹਨ ਅਤੇ ਬਾਕੀ ਤੱਤ ਜਿਵੇਂ ਫਾਸਫੋਰਸ, ਪੋਟਾਸ਼, ਲੋਹਾ ਆਦਿ ਦੀ ਫਸਲਾਂ ਨੂੰ ਉਪਲੱਬਧਤਾ ਨੂੰ ਵਧਾਉਂਦੀਆਂ ਹਨ । ਇਸ ਲਈ ਜ਼ਮੀਨ ਵਿਚ ਹਰੀ ਖਾਦ ਦਬਾਉਣ ਨਾਲ, ਇਸ ਮਗਰੋਂ ਬੀਜੀ ਜਾਣ ਵਾਲੀ ਫਸਲ ਨੂੰ ਨਾਈਟ੍ਰੋਜਨ ਖਾਦ ਦੀ ਲੋੜ ਵੀ ਕਾਫੀ ਘਟ ਜਾਂਦੀ ਹੈ । ਜੇ ਝੋਨੇ ਦੀ ਫਸਲ ਤੋਂ ਪਹਿਲਾਂ ਹਰੀ ਖਾਦ ਜ਼ਮੀਨ ਵਿਚ ਵਾਹੀ ਜਾਵੇ ਤਾਂ ਝੋਨੇ ਵਿਚ 55 ਕਿਲੋ ਯੂਰੀਆਂ ਖਾਦ ਦੀ ਬੱਚਤ ਹੁੰਦੀ ਹੈ ।

★ ਜਿਨ੍ਹਾਂ ਜ਼ਮੀਨਾਂ ਵਿਚ ਹਰ ਸਾਲ ਲੋਹਾ ਤੱਤ ਦੀ ਘਾਟ ਆਉਂਦੀ ਹੋਵੇ, ਉੱਥੇ ਜੰਤਰ ਦੀ ਹਰੀ ਖਾਦ ਜ਼ਮੀਨ ਵਿਚ ਵਾਹੁਣ ਨਾਲ ਲੋਹਾ ਤੱਤ ਦੀ ਘਾਟ ਵੀ ਨਹੀਂ ਆਉਂਦੀ । ਛੋਟੇ ਤੱਤ ਇਸ ਰੂਪ ਵਿਚ ਆ ਜਾਂਦੇ ਹਨ ਜਿਸ ਨੂੰ ਪੌਦੇ ਆਸਾਨੀ ਨਾਲ ਲੈ ਸਕਦੇ ਹਨ ।

★ ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦਾ ਪੱਧਰ ਵਧਦਾ ਹੈ ਅਤੇ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਵਿਚ ਸੁਧਾਰ ਹੁੰਦਾ ਹੈ ।

★ ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਹਵਾ ਅਤੇ ਪਾਣੀ ਦਾ ਸੰਚਾਰ ਦੀ ਸਹੀ ਢੰਗ ਨਾਲ ਹੋਣ ਲੱਗਦਾ ਹੈ ਜਿਸ ਵਿਚ ਰੇਤਲੀਆਂ ਜ਼ਮੀਨਾਂ ਦੀ ਪਾਣੀ ਸੰਭਾਲ ਕੇ ਰੱਖਣ ਦੀ ਸਮਰੱਥਾ ਵਧਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿਚ ਪਾਣੀ ਖੜ੍ਹਨ ਦੀ ਸਮੱਸਿਆ ਘਟਦੀ ਹੈ ।

★ ਇਸ ਨਾਲ ਜ਼ਮੀਨ ਦੀ ਉੱਪਰਲੀ ਉਪਜਾਊ ਤਹਿ ਦਾ ਹਵਾ ਅਤੇ ਪਾਣੀ ਨਾਲ ਰੁੜ੍ਹਨ ਦੀ ਸਮੱਸਿਆ ਵੀ ਘਟਦੀ ਹੈ ।

★ ਹਰ ਸਾਲ ਜ਼ਮੀਨ ਵਿਚ ਢੈਂਚੇ ਦੀ 6-8 ਹਫਤਿਆਂ ਦੀ ਫਸਲ ਦਬਾਉਣ ਨਾਲ ਝੋਨੇ ਵਿਚ ਲੋਹੇ ਦੀ ਘਾਟ ਵੀ ਨਹੀਂ ਆਉਂਦੀ ।

★ ਗਲਣ-ਸੜਨ ਉਪਰੰਤ ਹਰਾ ਮਾਦਾ ਜ਼ਮੀਨ ਵਿਚ ਕਈ ਤਰ੍ਹਾਂ ਦੇ ਤੇਜ਼ਾਬ ਪੈਦਾ ਕਰਦਾ ਹੈ ਜੋ ਜ਼ਮੀਨ ਦੇ ਕਲਰਾਠੇਪਣ ਨੂੰ ਘਟਾਉਂਦੇ ਹਨ ।

**ਹਰੀ ਖਾਦ ਦੀ ਕਾਸ਼ਤ ਲਈ ਨੁਕਤੇ**

ਪੀ ਏ ਯੂ ਵੱਲੋਂ ਅਜਿਹੀਆਂ ਫਸਲਾਂ ਦੀ ਹਰੀ ਖਾਦ ਵਜੋਂ ਸਿਫਾਰਸ਼ ਕੀਤੀ ਗਈ ਹੈ ਜਿਨ੍ਹਾਂ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ ਅਤੇ ਵਧੇਰੇ ਬਨਾਸਪਤ ਮਾਦੇ ਸਦਕਾ ਇਹ ਫਸਲਾਂ ਜ਼ਮੀਨ ਵਿਚ ਵਧੇਰੇ ਜੈਵਿਕ ਮਾਦਾ ਪਾ ਸਕਦੀਆਂ ਹਨ । ਇਨ੍ਹਾਂ ਫਸਲਾਂ ਦੀਆਂ ਜੜ੍ਹਾਂ ਵਿਚ ਵੱਧ ਤੋਂ ਵੱਧ ਗੰਢਾਂ ਹੋਣ ਕਰ ਕੇ ਇਹ ਵਾਤਾਵਰਨ ਵਿਚਲੀ ਨਾਈਟ੍ਰੋਜਨ ਨੂੰ ਵਧੇਰੇ ਜਮ੍ਹਾ ਕਰਦੀਆਂ ਹਨ । ਇਨ੍ਹਾਂ ਫਸਲਾਂ ਨੂੰ ਕੀੜੇ-ਮਕੌੜਿਆਂ ਦਾ ਹਮਲਾ ਘੱਟ ਹੁੰਦਾ ਹੈ ਅਤੇ ਪਾਣੀ ਵੀ ਮੰਗ ਵੀ ਘੱਟ ਹੈ । ਯੂਨੀਵਰਸਿਟੀ ਵਲੋਂ ਸਿਫਾਰਸ਼ ਸਣ ਅਤੇ ਜੰਤਰ ਵਿਚ ਖਾਰੀਆਂ ਅਤੇ ਤੇਜ਼ਾਬੀ ਹਾਲਤਾਂ ਨੂੰ ਸਹਿਣ ਕਰਨ ਦੀ ਸਮਰੱਥਾ ਹੋਣ ਕਰ ਕੇ ਇਹ ਫਸਲਾਂ ਖਾਰੀਆਂ ਅਤੇ ਤੇਜ਼ਾਬੀ ਜ਼ਮੀਨਾਂ ਦੀ ਸਿਹਤ ਸੁਧਾਰ ਲਈ ਜ਼ਿਆਦਾ ਢੁੱਕਵੀਆਂ ਹਨ ।

**ਢੈਂਚਾ** : ਢੈਂਚੇ ਦੀ ਛੇਤੀ ਵਧਣ ਵਾਲੀ ਕਿਸਮ ਪੰਜਾਬ ਢੈਂਚਾ-1 ਦੀ ਕਾਸ਼ਤ ਅਪਰੈਲ ਤੋਂ ਜੁਲਾਈ ਤੱਕ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 45-60 ਦਿਨਾਂ ਬਾਅਦ ਇਸ ਦਾ ਕੱਦ 3-5 ਫੁੱਟ ਦੇ ਕਰੀਬ ਹੋ ਜਾਂਦਾ ਹੈ । ਜੇ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾਵੇ ਤਾਂ ਇਸ ਫਸਲ ਨੂੰ ਜ਼ਮੀਨ ਵਿਚ ਮਿਲਾਉਣ ਨਾਲ ਲਗਭਗ 50 ਕੁਇੰਟਲ ਤੋਂ 85 ਕੁਇੰਟਲ ਪ੍ਰਤੀ ਏਕੜ ਹਰ ਮਾਦਾ ਜ਼ਮੀਨ ਵਿਚ ਜਮ੍ਹਾ ਹੁੰਦਾ ਹੈ । ਢੈਂਚੇ ਦੀ ਬਿਜਾਈ 20 ਤੋਂ 22 ਸੈਂਟੀਮੀਟਰ ਦੀ ਦੂਰੀ 'ਤੇ ਕਤਾਰਾਂ ਵਿਚ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ । ਫਸਲ ਦੀ ਬਿਜਾਈ ਸਮੇਂ 75 ਕਿਲੋ ਸਿੰਗਲ ਸੁਪਰ ਫਾਸਫੋਰਸ ਪਾ



ਦਿਓ । ਜੇ ਹਾੜ੍ਹੀ ਦੀ ਫਸਲ ਵਿਚ ਸਿਫਾਰਸ਼ ਮੁਤਾਬਕ ਫਾਸਫੋਰਸ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਢੈਂਚੇ ਨੂੰ ਇਹ ਖਾਦ ਨਾ ਪਾਉ । ਫਸਲ ਨੂੰ ਜ਼ਮੀਨ ਦੀ ਕਿਸਮ ਅਤੇ ਤਾਪਮਾਨ ਮੁਤਾਬਕ 3-4 ਵਾਰੀ ਪਾਣੀ ਲਾਓ । ਅਪਰੈਲ ਵਿਚ ਬੀਜੇ ਢੈਂਚੇ ਨੂੰ ਅੱਧ ਜੂਨ ਤੱਕ ਖੇਤ ਵਿਚ ਵਾਹ ਦਿਓ । ਇਸ ਸਮੇਂ ਤੱਕ ਇਹ ਫਸਲ ਕਾਫੀ ਵਾਧਾ ਕਰ ਜਾਂਦੀ ਹੈ ਅਤੇ ਝੋਨੇ ਦੀ ਲੁਆਈ ਵੀ ਸਹੀ ਸਮੇਂ 'ਤੇ ਹੋ ਜਾਂਦੀ ਹੈ । ਖੇਤ ਵਿਚ ਝੋਨੇ ਜਾਂ ਬਾਸਮਤੀ ਦੀ ਲੁਆਈ ਤੋਂ 1-2 ਦਿਨ ਪਹਿਲਾਂ ਢੈਂਚੇ ਨੂੰ ਜ਼ਮੀਨ ਵਿਚ ਵਾਹ ਦਿਓ ਪਰ ਮੱਕੀ ਦੀ ਬਿਜਾਈ ਤੋਂ ਲਗਭਗ 10 ਦਿਨ ਪਹਿਲਾਂ ਹਰੀ ਖਾਦ ਨੂੰ ਜ਼ਮੀਨ ਵਿਚ ਵਾਹ ਦੇਣਾ ਚਾਹੀਦਾ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਗਲ-ਸੜ ਜਾਵੇ ।

**ਸਣ** : ਸਣ ਹਰੀ ਖਾਦ ਵਜੋਂ ਵਰਤੀ ਜਾਣ ਵਾਲੀ ਫਲੀਦਾਰ ਫਸਲ ਹੈ ਜੋ ਛੇਤੀ ਵਧਣ ਦੀ ਯੋਗਤਾ ਰੱਖਦੀ ਹੈ । ਇਹ ਫਸਲ ਖਾਰੀਆਂ ਅਤੇ ਤੇਜ਼ਾਬੀ ਜ਼ਮੀਨੀ ਹਾਲਤਾਂ ਨੂੰ ਸਹਿਣ ਦੀ ਵੀ ਸਮਰੱਥਾ ਰੱਖਦੀ ਹੈ । ਇਹ ਫਸਲ ਲਗਭਗ 45-90 ਕੁਇੰਟਲ ਹਰਾ ਮਾਦਾ ਜ਼ਮੀਨ ਵਿਚ ਜਮ੍ਹਾਂ ਕਰਨ ਦੇ ਸਮਰੱਥ ਹੈ । ਸਣ ਦੀਆਂ ਪੀ ਏ ਯੂ-1691 ਅਤੇ ਨਰਿੰਦਰ ਸਨਈ-1 ਕਿਸਮਾਂ ਦੀ ਕਾਸ਼ਤ ਪੀਏਯੂ ਵੱਲੋਂ ਸਿਫਾਰਸ਼ ਕੀਤੀ ਗਈ ਹੈ । ਬਿਜਾਈ ਮਗਰੋਂ ਡੇਢ-ਦੋ ਮਹੀਨਿਆਂ ਦੌਰਾਨ ਹੀ ਇਹ ਕਿਸਮਾਂ ਲਗਭਗ 130-190 ਸੈਂਟੀਮੀਟਰ ਤੱਕ ਕੱਦ ਕਰ ਜਾਂਦੀਆਂ ਹਨ । ਇਨ੍ਹਾਂ ਕਿਸਮਾਂ ਦੀ ਕਾਸ਼ਤ ਅਪਰੈਲ ਤੋਂ ਜੁਲਾਈ ਦੌਰਾਨ ਕੀਤੀ ਜਾ ਸਕਦੀ ਹੈ । ਖੇਤ ਦੀ ਤਿਆਰੀ ਮਗਰੋਂ ਬਿਜਾਈ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ 22.5 ਸੈਂਟੀਮੀਟਰ ਵਿੱਥ ਦੀਆਂ ਕ ਤਾਰਾਂ ਵਿਚ ਜਾਂ ਛੱਟੇ ਨਾਲ ਕਰੋ । ਚੰਗੇ ਜੰਮ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੁੱਝ ਦੇਰ ਲਈ ਪਾਣੀ ਵਿਚ ਭਿਉਣ ਨਾਲ ਜੰਮ੍ਹ ਚੰਗਾ ਹੁੰਦਾ ਹੈ । ਫਸਲ ਦੀ ਬਿਜਾਈ ਸਮੇਂ ਪ੍ਰਤੀ ਏਕੜ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰ ਫਾਸਫੋਰਸ) ਪਾਉਣ ਦੀ ਜ਼ਰੂਰਤ ਪੈਂਦੀ ਹੈ । ਇਸ ਫਸਲ ਨੂੰ ਜੰਤਰ ਦੇ ਮੁਕਾਬਲੇ ਘੱਟ ਸਿੰਚਾਈਆਂ ਦੀ ਜ਼ਰੂਰਤ ਹੈ; ਸੋ, ਜ਼ਮੀਨ ਦੀ ਕਿਸਮ ਅਤੇ ਮੌਸਮ ਅਨੁਸਾਰ 2-3 ਪਾਣੀ ਹੀ ਕਾਫੀ ਹਨ ।

ਕਣਕ ਝੋਨੇ ਦੇ ਫਸਲੀ ਚੱਕਰ 'ਚ ਕਿਸਾਨਾਂ ਕੋਲ ਕਣਕ ਦੀ ਵਾਢੀ ਤੋਂ ਬਾਅਦ 20 ਜੂਨ ਤੱਕ ਦੋ ਮਹੀਨਿਆਂ ਦਾ ਸਮਾਂ ਹੁੰਦਾ ਹੈ ਜਿਸ ਦੌਰਾਨ ਜੰਤਰ ਜਾਂ ਸਣ ਹੀ ਹਰੀ ਖਾਦ ਕੀਤੀ ਜਾ ਸਕਦੀ ਹੈ । ਹਰੀ ਖਾਦ ਲਈ ਸਿਫਾਰਸ਼ ਕਿਸਮਾਂ ਦੀ ਕਾਸ਼ਤ ਕਰ ਕੇ ਅਤੇ ਹਰੀ ਖਾਦ ਨੂੰ ਜ਼ਮੀਨ ਵਿਚ ਮਿਲਾ ਕੇ ਕਿਸਾਨ ਨਾ ਸਿਰਫ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ ਸਗੋਂ ਫਸਲਾਂ ਦਾ ਚੰਗਾ ਝਾੜ ਵੀ ਪ੍ਰਾਪਤ ਕਰ ਸਕਦੇ ਹਨ ।

# ਕਲੌਂਜੀ ਦੇ ਬੀਜ ਦੇ ਫਾਇਦੇ

**ਕਲੌਂਜੀ ਨੂੰ ਕਾਲਾ ਜੀਰਾ ਵੀ ਕਿਹਾ ਜਾਂਦਾ ਹੈ । ਪੁਰਾਤਨ ਕਾਲ ਤੋਂ ਇਸ ਦਾ ਪ੍ਰਯੋਗ ਰਵਾਇਤੀ ਦਵਾਈਆਂ ਤੇ ਵੱਖ-ਵੱਖ ਤਰ੍ਹਾਂ ਦੇ ਪਕਵਾਨ ਬਣਾਉਣ ਵਿਚ ਹੁੰਦਾ ਆ ਰਿਹਾ ਹੈ । ਕਲੌਂਜੀ ਦੇ ਇਹ ਛੋਟੇ-ਛੋਟੇ ਕਾਲੇ ਬੀਜ ਸਿਹਤ ਦੇ ਖਜ਼ਾਨਿਆਂ ਨਾਲ ਭਰਪੂਰ ਹੁੰਦੇ ਹਨ ।**



**ਪੋਸ਼ਟਿਕ ਗੁਣਵੰਤਾ** : ਕਲੌਂਜੀ ਦੇ ਬੀਜ ਵੱਖ-ਵੱਖ ਤਰ੍ਹਾਂ ਦੇ ਵਿਟਾਮਿਨ, ਅਮੀਨੋ ਐਸਿਡ, ਪ੍ਰੋਟੀਨ, ਫੈਟੀ ਐਸਿਡ ਅਤੇ ਰੇਸ਼ੇ ਭਰਪੂਰ ਹੁੰਦੇ ਹਨ । ਜਿਹੜੇ ਕਿ ਸਾਨੂੰ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਦਿਲ ਦੇ ਰੋਗ, ਬੀ.ਪੀ. ਦੀ ਸਮੱਸਿਆ, ਕੋਲੈਸਟਰੋਲ ਅਤੇ ਸ਼ੱਕਰ ਰੋਗ ਆਦਿ ਤੋਂ ਬਚਾਉਂਦੇ ਹਨ ।

**ਰੋਗਾਂ ਨਾਲ ਲੜਨ ਦੀ ਸ਼ਕਤੀ** : ਕਲੌਂਜੀ ਵਿਚ ਬਹੁਤ ਸਾਰੇ ਤੱਤ ਮੌਜੂਦ ਹੁੰਦੇ ਹਨ ਜਿਵੇਂ ਕਿ ਇਕ ਬਹੁਤ ਸ਼ਕਤੀਸ਼ਾਲੀ ਤੱਤ ਜਿਸ ਨੂੰ ਥਾਇਮੋਕੁਨੀਨ ਕਹਿੰਦੇ ਹਨ ਜੋ ਸਾਨੂੰ ਬਹੁਤ ਸਾਰੀਆਂ ਗੰਭੀਰ ਬਿਮਾਰੀਆਂ ਜਿਵੇਂ ਗੋਡਿਆਂ ਤੇ ਕੈਂਸਰ ਰੋਗ ਤੋਂ ਵੀ ਬਚਾਉਂਦਾ ਹੈ । ਇਸ ਤੋਂ ਇਲਾਵਾ ਮੌਸਮ ਦੀ ਤਬਦੀਲੀ ਕਾਰਨ ਹੋਣ ਵਾਲੇ ਬੁਖਾਰ ਵਾਇਰਲ ਅਤੇ ਖਾਂਸੀ ਆਦਿ ਤੋਂ ਵੀ ਰੱਖਿਆ ਕਰਦਾ ਹੈ ।

**ਪੇਟ/ਮਿਹਦਾ ਨੂੰ ਤੰਦਰੁਸਤ ਰੱਖਣ 'ਚ ਸਹਾਇਕ** : ਕਲੌਂਜੀ ਵਿਚ ਮਿਹਦੇ ਨੂੰ ਮਜ਼ਬੂਤ ਰੱਖਣ ਵਾਲੇ ਤੱਤ ਹੁੰਦੇ ਹਨ ਜਿਹੜੇ ਸਾਨੂੰ ਪੇਟ ਦੀ ਸਮੱਸਿਆ ਜਿਵੇਂ ਕਿ ਬਦਹਜ਼ਮੀ, ਖੱਟੇ ਡਕਾਰ ਜਾਂ ਐਸਿਡ ਆਦਿ ਦੀ ਸਮੱਸਿਆ ਤੋਂ ਬਚਾਉਂਦੇ ਹਨ ।

**ਕਲੌਂਜੀ ਦੀ ਵਰਤੋਂ** : ★ ਚੂਰਨ ਦੇ ਰੂਪ : ਸਲਾਦ, ਰਾਇਤਾ ਤੇ ਪਰੌਂਠੇ ਵਿਚ ।

★ ਤੇਲ ਦੇ ਰੂਪ ਵਿਚ : ਸਲਾਦ, ਚਟਣੀ ।

★ ਕਲੌਂਜੀ ਬੀਜ ਦੇ ਰੂਪ ਵਿਚ : ਪਰੌਂਠੇ, ਬਿਸਕੁਟ, ਕੇਕ, ਕੁਲਚੇ ਬਰੈਡ ਆਦਿ ।

ਇਸ ਤੋਂ ਇਲਾਵਾ ਕਲੌਂਜੀ ਦੇ ਬੀਜ ਸਾਨੂੰ ਸਾਹ ਦੀਆਂ ਸਮੱਸਿਆਵਾਂ ਜਿਵੇਂ ਕਿ ਅਸਥਮਾਂ ਅਤੇ ਫੇਫੜਿਆਂ 'ਚ ਦਰਦ ਹੋਣ ਤੋਂ ਬਚਾਉਂਦੇ ਹਨ ਅਤੇ ਇਹ ਭਾਰ ਘਟਾਉਣ ਵਿਚ ਵੀ ਮਦਦ ਕਰਦੇ ਹਨ । ਬਾਜ਼ਾਰ 'ਚ ਅੱਜ ਕੱਲ੍ਹ ਬਹੁਤ ਸਾਰੇ ਭੋਜਨ ਪਦਾਰਥਾਂ ਵਿਚ ਵੀ ਕਲੌਂਜੀ ਕਿਸੇ ਨਾ ਕਿਸੇ ਰੂਪ ਵਿਚ ਪਾਈ ਜਾਂਦੀ ਹੈ ਜਿਹੜੇ ਕਿ ਸਾਡੇ ਸਿਹਤ ਨੂੰ ਠੀਕ ਰੱਖਦੇ ਹਨ ।

ਸ਼ਿਖਾ ਮਹਾਜਨ, ਭੋਜਨ ਅਤੇ ਪੋਸ਼ਣ ਵਿਭਾਗ,
ਮੋਬਾਇਲ : 94631-40908

# ਵਿਸਾਖੀ ਨੂੰ ਵਿਸ਼ਵ ਮਨੁੱਖੀ ਬਰਾਬਰੀ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ

ਡਾ. ਰਣਜੀਤ ਸਿੰਘ

ਇਸ ਸੰਸਾਰ ਵਿਚ ਜਦੋਂ ਵੀ ਧਰਮ ਦੀ ਹਾਨੀ ਹੋਈ, ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਹੋਇਆ ਅਤੇ ਜ਼ੁਲਮ ਨੇ ਪੈਰ ਪਸਾਰੇ ਪਰਮਾਤਮਾ ਨੇ ਕਿਸੇ ਨਾ ਕਿਸੇ ਪਗੰਬਰ ਨੂੰ ਇਸ ਧਰਤੀ ਉਤੇ ਭੇਜਿਆ ਤਾਂ ਜੋ ਕੁਰਾਹੇ ਪਈ ਲੋਕਾਈ ਨੂੰ ਸਿੱਧਾ ਰਾਹ ਵਿਖਾਇਆ ਜਾ ਸਕੇ। ਗੁਰੂ ਨਾਨਕ ਸਾਹਿਬ ਜੀ ਸੰਸਾਰ ਦੇ ਪਹਿਲੇ ਯੁੱਗ ਪੁਰਸ਼ ਹੋਏ ਹਨ ਜਿਨ੍ਹਾਂ ਨੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਤਕਰਿਆਂ ਵਿਰੁੱਧ ਅਵਾਜ ਬੁਲੰਦ ਕੀਤੀ। ਜਦੋਂ ਤੋਂ ਸੰਸਾਰ ਵਿਚ ਮਨੁੱਖੀ ਸਮਾਜ ਹੋਂਦ ਵਿਚ ਆਇਆ ਹੈ ਮਨੁੱਖਾਂ ਵਿਚ ਵਿਤਕਰਾ ਬਣਿਆ ਹੋਇਆ ਹੈ। ਦਾਸ ਦਾਸੀਆਂ ਦੀ ਪ੍ਰਥਾ ਮੁਢ ਕਦੀਮ ਤੋਂ ਹੈ। ਜਦੋਂ ਗੁਰੂ ਨਾਨਕ ਜੀ ਦਾ ਆਗਮਨ ਹੋਇਆ ਉਦੋਂ ਵੀ ਮਨੁੱਖੀ ਸਮਾਜ ਊਚ ਨੀਚ ਤੇ ਜਾਤ ਪਾਤ ਦੇ ਬੰਧਨਾਂ ਵਿਚ ਬਝਿਆ ਹੋਇਆ ਸੀ। ਲੋਕਾਈ ਦੀ ਬਹੁਗਿਣਤੀ ਨੂੰ ਸ਼ੂਦਰ ਆਖ ਪਸ਼ੂਆਂ ਨਾਲੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਸ ਨਾਬਰਾਬਰੀ ਦੇ ਵਿਰੁੱਧ ਗੁਰੂ ਨਾਨਕ ਸਾਹਿਬ ਵੱਲੋਂ ਵਿਢੀ ਮੁਹਿੰਮ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਰੂਪ ਦੇ ਕੇ ਖਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚੋਂ ਮਨੁੱਖੀ ਵਿਤਕਰਿਆਂ ਨੂੰ ਮੇਟ ਸਭਨਾਂ ਨੂੰ ਬਰਾਬਰੀ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਆਪਣੇ ਕਥਨ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਨੂੰ ਅਮਲੀ ਰੂਪ ਦਿੱਤਾ। ਧਰਮ, ਜਾਤ, ਰੰਗ, ਨਸਲ, ਅਮੀਰੀ ਆਦਿ ਕਾਰਨ ਪਏ ਮਨੁੱਖੀ ਵਿਤਕਰਿਆਂ ਨੂੰ ਇਕੋ ਝਟਕੇ ਨਾਲ ਤੋੜ ਸਭਨਾਂ ਨੂੰ ਇਕੋ ਨਾਮ ਅਤੇ ਸਰੂਪ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਕੇਵਲ ਸਮਾਜਿਕ ਬਰਾਬਰੀ ਹੀ ਸਥਾਪਿਤ ਨਹੀਂ ਕੀਤੀ ਸਗੋਂ ਅੰਮ੍ਰਿਤ ਦੀ ਦਾਤ ਨਾਲ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਉਟਿਆਂ ਨੂੰ ਓਟ ਪ੍ਰਦਾਨ ਕੀਤੀ। ਜਿਹੜੇ ਲੋਕ ਆਪਣੇ ਆਪ ਨੂੰ ਨਿਮਾਣੇ, ਨਿਤਾਣੇ ਅਤੇ ਲਿਤਾੜੇ ਹੋਏ ਸਮਝ ਨਰਕ ਦਾ ਜੀਵਨ ਜੀ ਰਹੇ ਸਨ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸੱਚ ਤੇ ਹੱਕ ਦੀ ਲੜਾਈ ਲਈ ਆਪਣੇ ਆਪ ਨੂੰ ਤਿਆਰ ਕੀਤਾ। ਇਨ੍ਹਾਂ ਕਿਰਤੀਆਂ ਨੇ ਜਦੋਂ ਹਥਿਆਰ ਚੁੱਕੇ ਤਾਂ ਉਸ ਵੇਲੇ ਦੀ ਸਭ ਤੋਂ ਵੱਡੀ ਜਾਲਿਮ ਹਕੂਮਤ ਦਾ ਤਖਤਾਪਲਟ ਕੇ ਰੱਖ ਦਿੱਤਾ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜੇ ਲੋਕੀਂ ਸੰਤ ਸਿਪਾਹੀ ਦਾ ਰੂਪ ਬਣੇ ਜਿਹੜੇ ਗ੍ਰਹਿਸਥੀ ਜੀਵਨ ਵਿਚ ਸੰਤ ਵਾਲਾ ਜੀਵਨ ਜੀਉਂਦੇ ਸਨ ਪਰ ਜੁਲਮ ਵਿਰੁੱਧ ਲੜਣ ਅਤੇ ਮਜਲੂਮਾਂ ਦੀ ਰਾਖੀ ਕਰਨ ਸਮੇਂ ਸਿਪਾਹੀ ਦਾ ਰੂਪ ਧਾਰ ਲੈਂਦੇ ਸਨ।



ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਰੇ ਦੀਵਾਨ ਵਿਚ ਮਿਆਨ ਵਿਚੋਂ ਲਿਸ਼ਕਦੀ ਤਲਵਾਰ ਕੱਢ ਕੇ ਇਕ ਸਿਰ ਦੀ ਮੰਗ ਕੀਤੀ ਜਿਹੜਾ ਉਨ੍ਹਾਂ ਦੀ ਤਲਵਾਰ ਦੀ ਆਪਣੇ ਖ਼ੂਨ ਨਾਲ ਪਿਆਸ ਮਿਟਾਵੇ। ਇੰਝ ਉਨ੍ਹਾਂ ਨੇ ਪੰਜ ਜਿੰਦਾ ਸ਼ਹੀਦਾਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿਚ ਖੜਾ ਕਰ ਦਿੱਤਾ। ਪੰਜਾਂ ਪਿਆਰਿਆਂ ਤੋਂ ਆਪ ਨੇ ਅੰਮ੍ਰਿਤ ਛਕ ਕੇ ਗੁਰੂ ਚੇਲੇ ਦੇ ਫਰਕ ਨੂੰ ਮੇਟਿਆ। ਅਜੇਹਾ ਚਮਤਕਾਰ ਸੰਸਾਰ ਵਿਚ ਪਹਿਲਾਂ ਕਦੇ ਨਹੀਂ ਸੀ ਹੋਇਆ ਅਤੇ ਨਾ ਹੀ ਕਦੇ ਹੋਵੇਗਾ। ਉਨ੍ਹਾਂ ਤਲਵਾਰ ਨੂੰ ਖਾਲਸੇ ਦਾ ਅੰਗ ਬਣਾਇਆ ਅਤੇ ਇਸ ਦਾ ਨਾਮ ਕ੍ਰਿਪਾਨ ਰੱਖਿਆ ਤਾਂ ਜੋ ਇਸ ਦੀ ਵਰਤੋਂ ਜ਼ੁਲਮ ਕਰਨ ਲਈ ਨਹੀਂ ਸਗੋਂ ਜ਼ੁਲਮ ਵਿਰੁੱਧ ਵਰਤੋਂ ਕੀਤੀ ਜਾਵੇ।

ਖਾਲਸੇ ਦੀ ਸਿਰਜਣਾ ਇਕ ਨਵੇਂ ਇਨਕਲਾਬ ਦਾ ਆਰੰਭ ਸੀ। ਇੰਝ ਦਸ਼ਮੇਸ਼ ਪਿਤਾ ਜੀ ਨੇ ਵਿਸਾਖੀ ਵਾਲੇ ਦਿਨ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਇਨਕਲਾਬ ਸਿਰਜਿਆ।

ਗੁਰੂ ਸਾਹਿਬ ਨੇ ਆਪਣੇ ਆਪ ਨੂੰ ਰਬ ਆਖਣਾ ਤਾਂ ਦੂਰ ਆਪਣੇ ਆਪ ਨੂੰ ਰੱਬ ਦਾ ਪੈਗੰਬਰ ਵੀ ਨਹੀਂ ਆਖਿਆ ਸਗੋਂ ਆਪਣੇ ਆਪ ਨੂੰ ਪ੍ਰਮਾਤਮਾ ਦਾ ਦਾਸ ਆਖਿਆ।

ਮੈਂ ਹੂੰ ਪਰਮ ਪੁਰਖ ਕੋ ਦਾਸਾ।<br>
ਦੇਖਨਿ ਆਬੋ ਜਗਤ ਤਮਾਸਾ।<br>
ਜੋ ਹਮ ਕੋ ਪਰਮੇਸੁਰ ਉਚਰਿ ਹੈ।<br>
ਤੇ ਸਭ ਨਰਕ ਕੁੰਡ ਮਹਿ ਪਰਿ ਹੈ।

ਗੁਰੂ ਸਾਹਿਬ ਸਮੇਂ ਵੀ ਔਰਤ ਨੂੰ ਸਮਾਜ ਵਿਚ ਬਰਾਬਰੀ ਨਹੀਂ ਸੀ। ਕੁੜੀ ਦੇ ਜਨਮ ਲੈਂਦਿਆਂ ਹੀ ਉਸ ਨੂੰ ਮਾਰਨ ਦਾ ਯਤਨ ਕੀਤਾ ਜਾਂਦਾ ਸੀ। ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਹੁਕਮ ਜਾਰੀ ਕੀਤਾ ਕਿ ਜਿਹੜਾ ਕੁੜੀ ਦੀ ਹੱਤਿਆ ਕਰਦਾ ਹੈ ਉਹ ਮੇਰਾ ਸਿੰਘ ਨਹੀਂ ਹੋ ਸਕਦਾ। ਇਥੋਂ ਤਕ ਕਿ ਉਨ੍ਹਾਂ ਆਪਣੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਕੁੜੀ ਮਾਰਨ ਵਾਲੇ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਾ ਰੱਖਿਆ ਜਾਵੇ। ਪਰਾਈ ਇਸਤਰੀ ਵਲ ਭੈੜੀ ਨਜ਼ਰ ਰੱਖਣ ਵਾਲਾ ਤੇ ਨਸ਼ਿਆਂ ਦਾ ਸੇਵਨ ਕਰਨ ਵਾਲਾ ਗੁਰੂ ਦਾ ਸਿੰਘ ਨਹੀਂ ਹੋ ਸਕਦਾ। ਸੱਚ ਤੇ ਹੱਕ ਦੀ ਕਮਾਈ ਖਾਣ ਵਾਲਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਹੀ ਗੁਰੂ ਜੀ ਦਾ ਸਿੰਘ ਹੋ ਸਕਦਾ ਹੈ। ਗੁਰੂ ਜੀ ਵਲੋਂ ਬਖ਼ਸ਼ੀ ਸ਼ਕਤੀ ਹੀ ਸੀ ਜਿਸ ਨੇ ਬੀਬੀਆਂ ਵਿਚ ਦਲੇਰੀ ਭਰੀ। ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਅਤੇ ਸਿੰਘਾਂ ਦਾ ਸ਼ਾਹੀ ਫ਼ੌਜ਼ ਦੇ ਘੇਰੇ ਨੂੰ ਤੋੜ ਸਸਕਾਰ ਕਰਨ ਵਾਲੀ ਬੀਬੀ ਸਰਨ ਕੌਰ ਹੀ ਸੀ। ਮੁਕਤਸਰ ਦੇ ਮੈਦਾਨ ਵਿਚ ਲੋਕ ਸ਼ਕਤੀ ਦੀ ਹੋਈ ਜਿੱਤ ਵਿਚ ਮਾਈ ਭਾਗ ਕੌਰ ਦੀ ਅਹਿਮ ਭੂਮਿਕਾ ਸੀ। ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਲਈ ਵਿਸਾਖੀ ਦੀ ਚੋਣ ਸ਼ਾਇਦ ਇਸ ਕਰਕੇ ਕੀਤੀ ਹੋਵੇ ਕਿਉਂਕਿ ਇਸ ਤਿਉਹਾਰ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ। ਇਸ ਨੂੰ ਬ੍ਰਾਹਮਣ ਲੋਕ ਆਪਣਾ ਤਿਉਹਾਰ ਮੰਨਦੇ ਸਨ। ਇਹ ਦਿਨ ਖੁਸ਼ਹਾਲੀ ਦਾ ਪ੍ਰਤੀਕ ਹੈ। ਹਾੜੀ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਵਿਉਪਾਰੀ ਲੋਕ ਇਸੇ ਦਿਨ ਤੋਂ ਆਪਣਾ ਨਵਾ ਕਾਰੋਬਾਰੀ ਵਰ੍ਹਾ ਸ਼ੁਰੂ ਕਰਦੇ ਹਨ। ਵਿਸਾਖੀ ਨੂੰ ਗੁਰੂ ਜੀ ਨੇ ਸਰਬ ਸਾਂਝਾ ਤਿਉਹਾਰ ਬਣਾ ਦਿੱਤਾ।

ਗੁਰੂ ਜੀ ਨੇ ਜਿਥੇ ਯੁਗ ਪਲਟਾਇਆ, ਸਮਾਜ ਬਦਲਿਆ, ਸਮਾਜ ਨੂੰ ਲੋਕਰਾਜ ਤੇ ਬਰਾਬਰੀ ਦੀ ਬਖ਼ਸ਼ਿਸ਼ ਕੀਤੀ ਉਥੇ ਗੁਰੂ ਚੇਲੇ ਦੇ ਅੰਤਰ ਨੂੰ ਵੀ ਮੇਟਿਆ। ਗੁਰੂ ਜੀ ਨੇ ਕਈ ਭਾਸ਼ਾਵਾਂ ਵਿਚ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਦੀ ਬਾਣੀ ਜਾਪ ਸਾਹਿਬ ਨੂੰ ਪ੍ਰਮਾਤਮਾ ਦੀ ਉਤਸਿਤ ਦਾ ਸਭ ਤੋਂ ਵੱਡਾ ਖਜਾਨਾ ਮੰਨਿਆ ਜਾਂਦਾ ਹੈ। ਅਜੇਹੀ ਸੰਪੂਰਨ ਪਰੀਭਾਸ਼ਾ ਅਜ ਤਕ ਕਿਸੇ ਨਹੀਂ ਦਿੱਤੀ ਤੇ ਸ਼ਾਇਦ ਹੋਰ ਕੋਈ ਦੇ ਵੀ ਨਾ ਸਕੇ। ਫ਼ਾਰਸੀ ਵਿਚ ਔਰੰਗਜੇਬ ਨੂੰ ਲਿਖੇ ਜ਼ਫ਼ਰਨਾਮੇ ਨੇ ਉਸ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਕਰਵਾਇਆ ਤੇ ਉਸ ਆਪਣੀ ਭੁੱਲ ਬਖ਼ਸਾਉਣ ਲਈ ਗੁਰੂ ਜੀ ਦੇ ਦਰਸ਼ਨਾਂ ਲਈ ਬੇਨਤੀ ਕੀਤੀ। ਚਾਰ ਦਹਾਕਿਆਂ ਦੀ ਉਮਰ ਵਿਚ ਜਿਤਨੇ ਮਹਾਨ ਕਾਰਜ ਗੁਰੂ ਜੀ ਨੇ ਕੀਤੇ ਅਜ ਤਕ ਸੰਸਾਰ ਵਿਚ ਨਾ ਕੋਈ ਕਰ ਸਕਿਆ ਹੈ ਅਤੇ ਨਾ ਹੀ ਕਰ ਸਕੇਗਾ। ਸਾਰੇ ਸੰਸਾਰ ਦੇ ਚਿੰਤਕ ਅਤੇ ਵਿਗਿਆਨੀ ਹੈਰਾਨ ਹਨ ਕਿ ਇਹ ਸਭ ਕਿਵੇਂ ਹੋਇਆ। ਅਜੇਹਾ ਇਨਕਲਾਬ ਤਾਂ ਪ੍ਰਮਾਤਮਾ ਹੀ ਸਿਰਜ ਸਕਦਾ ਹੈ ਪਰ ਧੰਨ ਹਨ ਦਸਮੇਸ਼ ਪਿਤਾ ਜਿਨ੍ਹਾਂ ਹਮੇਸ਼ਾ ਆਪਣੇ ਆਪ ਨੂੰ ਪ੍ਰਮਾਤਮਾ ਦਾ ਦਾਸ ਅਤੇ ਸਿੰਘਾਂ ਨੂੰ ਆਪਣੀ ਸ਼ਕਤੀ ਆਖਿਆ। ਗੁਰੂ ਜੀ ਕੇਵਲ ਆਪਣੇ ਸਿੰਘਾਂ ਤੋਂ ਹੀ ਸੀਸ ਭੇਟਾ ਕਰਨ ਦੀ ਮੰਗ ਨਹੀਂ ਕੀਤੀ ਸਗੋਂ ਆਪਣਾ ਸਾਰਾ ਸਰਬੰਸ ਜ਼ੁਲਮ ਵਿਰੁੱਧ ਲੜਦਿਆਂ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਦਿਆਂ ਕੁਰਬਾਨ ਕਰ ਦਿੱਤਾ। ਗੁਰੂ ਜੀ ਵੱਲੋਂ ਸਮਾਜਿਕ ਬਰਾਬਰੀ ਲਈ ਚਲਾਈ ਮੁਹਿੰਮ ਨੂੰ ਖਤਮ ਕਰਨ ਲਈ ਸਮੇਂ ਦੀ ਹਕੂਮਤ ਨੇ 14 ਵਾਰ ਹਮਲਾ ਕੀਤਾ। ਗੁਰੂ ਦੇ ਸਿੰਘਾਂ ਨੇ ਕਦੇ ਵੀ ਜੰਗ ਦੇ ਮੈਦਾਨ ਵਿਚ ਪਿੱਠ ਨਾ ਵਿਖਾਈ ਤੇ ਸਾਰੀਆਂ ਲੜਾਈਆਂ ਵਿਚ ਖਾਲਸੇ ਦੀ ਫ਼ਤਹਿ ਹੋਈ।

ਗੁਰੂ ਜੀ ਨੇ ਪ੍ਰਮਾਤਮਾ ਤੋਂ ਜੇਕਰ ਕੁਝ ਮੰਗਿਆ ਤਾਂ ਸ਼ੁਭ ਕਰਮ ਕਰਨ ਦੀ ਦਲੇਰੀ ਮੰਗੀ। ਆਪ ਜੀ ਦਾ ਕਥਨ ਹੈ, ਦੇਹਿ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।

ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,<br>
ਨਿਸਚੈ ਕਰ ਆਪਨੀ ਜੀਤ ਕਰੋਂ॥

ਗੁਰੂ ਸਾਹਿਬ ਨੇ ਮਨੁੱਖੀ ਬਰਾਬਰੀ ਦੇ ਨਾਲੋ ਨਾਲ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਵੀ ਦਿੱਤਾ। ਗੁਰੂ ਜੀ ਦਾ ਅੰਮ੍ਰਿਤ ਪ੍ਰਾਪਤ ਕਰਕੇ ਸਾਰੇ ਗੁਰਭਾਈ ਬਣ ਜਾਂਦੇ ਹਨ। ਉਨ੍ਹਾਂ ਦਾ ਉਪਦੇਸ਼ ਹੈ:

ਸਾਚ ਕਹੋ ਸੁਨ ਲੇਹੁ ਸਭੈ<br>
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।


ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਸਦੀਵੀਂ ਗੁਰੂ ਥਾਪ ਗਏ। ਇੰਝ ਸ਼ਬਦ ਨੂੰ ਗੁਰੂ ਥਾਪ ਉਨ੍ਹਾਂ ਸੰਸਾਰ ਵਿਚ ਲਾਸਾਨੀ ਤੇ ਅਨੋਖੀ ਪਿਰਤ ਸਥਾਪਿਤ ਕੀਤੀ। ਵਿਸਾਖੀ ਦੇ ਦਿਨ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਹੋਇਆਂ ਸੰਯੁਕਤ ਰਾਸ਼ਟਰ ਨੂੰ ਇਹ ਦਿਨ ਵਿਸ਼ਵ ਮਨੁੱਖੀ ਬਰਾਬਰੀ ਅਤੇ ਲੋਕਰਾਜ ਦਿਵਸ ਦੇ ਰੂਪ ਵਿਚ ਮਨਾਉਣਾ ਚਾਹੀਦਾ ਹੈ।

ਗੁਰੂ ਦੇ ਸਿੱਖਾਂ ਨੂੰ ਇਸ ਦਿਨ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ ਕੀ ਅਸੀਂ ਗੁਰੂ ਜੀ ਵੱਲੋਂ ਦਰਸਾਈ ਜੀਵਨ ਜਾਚ ਅਨੁਸਾਰ ਆਪਣੇ ਆਪ ਨੂੰ ਢਾਲਿਆ ਹੈ। ਇਹ ਜਾਣ ਦੁਖ ਹੁੰਦਾ ਹੈ ਕਿ ਪੰਜਾਬ ਵਿਚ ਸਭ ਤੋਂ ਵਧ ਰਿਸ਼ਵਤਖੋਰੀ, ਹੇਰਾਫੇਰੀ ਅਤੇ ਸਮਾਜਿਕ ਨਾਬਰਾਬਰੀ ਹੈ। ਇਸ ਨੂੰ ਦੂਰ ਕਰਨ ਦੀ ਲੋੜ ਹੈ। ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਪਨਾਈਏ ਅਤੇ ਆਪਣਾ ਜੀਵਨ ਅਨੰਦਮਈ ਬਣਾਈਏ।



# ਤੇਰੀ ਕਣਕ ਦੀ ਰਾਖੀ ਮੁੰਡਿਆ...

ਕਣਕ ਦੀ ਖੇਤੀ ਦਾ ਪੂਰੇ ਸੰਸਾਰ ਵਿੱਚ ਕਾਫੀ ਮਹੱਤਵ ਹੈ। ਸੀਰੀਆ, ਅਰਮੀਨੀਆ, ਜਾਰਡਨ, ਤੁਰਕੀ ਅਤੇ ਇਰਾਕ ਵਰਗੇ ਦੇਸ਼ਾਂ ਵਿੱਚ ਖੁਦਾਈਆਂ ਤੋਂ ਕਣਕ ਦੀ ਖੇਤੀ ਦੇ ਪੁਰਾਣੇ ਸਬੂਤ ਵੀ ਮਿਲੇ ਹਨ। ਪਰ ਸਾਡੇ ਪੰਜਾਬੀਆਂ ਲਈ ਕਣਕ ਦੀ ਖੇਤੀ ਦੀ ਖਾਸ ਮਹੱਤਤਾ ਹੈ। ਇਹ ਸਾਡੀ ਖੁਰਾਕ ਦਾ ਮੁੱਖ ਸਰੋਤ ਹੋਣ ਦੇ ਨਾਲ-ਨਾਲ ਸਾਡੀ ਆਰਥਿਕਤਾ ਦਾ ਵੀ ਮੁੱਖ ਸੋਮਾ ਹੈ। ਇਹ ਸਾਡੀ ਰੂਹ ਵਿੱਚ ਰਮੀ ਹੋਈ ਫਸਲ ਹੈ। ਜਿਸ ਫਸਲ ਬਾਰੇ ਉੱਥੇ ਦੇ ਸੱਭਿਆਚਾਰ ਵਿੱਚ ਸਭ ਤੋਂ ਜ਼ਿਆਦਾ ਗੀਤ ਰਚੇ ਗਏ ਹੋਣ, ਉਸ ਬਾਰੇ ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੈ ਕਿ ਉਸ ਫਸਲ ਦਾ ਉਸ ਸਮਾਜ ਲਈ ਕੀ ਮਹੱਤਵ ਹੈ।



ਰਾਜਨਦੀਪ ਕੌਰ ਮਾਨ
ਮੋ. 6239326166

**ਤੇਰੀ ਕਣਕ ਦੀ ਰਾਖੀ ਮੁੰਡਿਆ**
**ਹੁਣ ਮੈਂ ਨਹੀਓਂ ਬਹਿੰਦੀ।**
**ਮੇਰੀ ਕਣਕ ਮੋਤੀਆਂ ਵਰਗੀ,**
**ਨੀ ਤੇਰੇ ਪੈਰੀਂ ਪੈਂਦੀ।**

ਪੂਰੇ ਛੇ ਮਹੀਨੇ ਕਣਕ ਨੂੰ ਪੁੱਤਾਂ ਧੀਆਂ ਵਾਂਗ ਪਾਲਦਾ ਹੈ। ਪੋਹ ਦੀਆਂ ਠੰਢੀਆਂ ਰਾਤਾਂ ਵਿੱਚ ਪਾਣੀ ਲਾਉਂਦਾ ਹੈ। ਜਦੋਂ ਕੁੱਲ ਲੁਕਾਈ ਠੰਡ ਤੋਂ ਡਰਦੀ ਰਜਾਈਆਂ ਵਿੱਚ ਹੁੰਦੀ ਹੈ, ਉਦੋਂ ਇੱਕ ਕਿਸਾਨ ਹੀ ਹੁੰਦਾ ਹੈ ਜੋ ਅਵਾਰਾ ਪਸ਼ੂਆਂ ਤੋਂ ਕਣਕ ਦੀ ਰਾਖੀ ਲਈ ਵਰ੍ਹਦੇ ਕੋਰੇ ਵਿੱਚ ਵੀ ਖੇਤ ਵਿੱਚ ਛੰਨ ਨੂੰ ਆਪਣਾ ਮੋਰਚਾ ਬਣਾ ਕੇ ਫੌਜੀ ਵਾਂਗ ਡੱਟਿਆ ਹੁੰਦਾ ਹੈ। ਹੌਲੀ-ਹੌਲੀ ਜਿਵੇਂ ਜਿਵੇਂ ਕਣਕ ਨਿਸਰਨੀ ਸ਼ੁਰੂ ਹੁੰਦੀ ਹੈ ਤਾਂ ਜੱਟ ਦੀਆਂ ਸੱਧਰਾਂ ਅਤੇ ਅਰਮਾਨ ਵੀ ਜਵਾਨ ਹੋਣ ਲੱਗਦੇ ਹਨ। ਸਾਰਾ ਪਰਿਵਾਰ ਹੀ ਸੁਪਨੇ ਦੇਖਣ ਲੱਗਦਾ ਹੈ। ਫਸਲ ਆਵੇਗੀ ਤਾਂ ਇਹ ਖਰੀਦਾਂਗੇ, ਇਹ ਕੰਮ ਸਿਰੇ ਚੜ੍ਹਾਵਾਂਗੇ। ਜ਼ਿਆਦਾਤਰ ਕਿਸਾਨ ਪਰਿਵਾਰ ਘਰ ਬਣਾਉਣ ਦਾ ਕੰਮ ਕਣਕ ਤੋਂ ਬਾਅਦ ਹੀ ਸ਼ੁਰੂ ਕਰਦੇ ਹਨ। ਕਈਆਂ ਨੇ ਆੜ੍ਹਤੀਆਂ ਕੋਲੋਂ ਪੈਸਾ ਚੁੱਕਿਆ ਹੁੰਦਾ ਹੈ ਤੇ ਜ਼ਰੂਰੀ ਕਾਰ ਵਿਹਾਰ ਪੂਰੇ ਕੀਤੇ ਹੁੰਦੇ ਹਨ। ਕਣਕ ਦੀ ਫਸਲ ਆਉਣ ਤੇ ਉਹ ਹਿਸਾਬ ਚੁਕਾਇਆ ਜਾਂਦਾ ਹੈ।

**ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,**
**ਪੱਗ, ਝੱਗਾ, ਚਾਦਰ ਨਵਾਂ ਸਵਾ ਕੇ, ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾ ਕੇ,**
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**

ਇੰਨੇ ਅਰਮਾਨਾਂ ਅਤੇ ਸੱਧਰਾਂ ਵਾਲੀ ਫਸਲ ਜਦੋਂ ਪੱਕ ਕੇ ਸੁਨਹਿਰੀ ਹੁੰਦੀ ਹੈ



ਤਾਂ ਕਈ ਵਾਰ ਇਨ੍ਹਾਂ ਸਭ ਮਨਸੂਬਿਆਂ ਤੇ ਪਾਣੀ ਵੀ ਫਿਰ ਜਾਂਦਾ ਹੈ। ਅੱਜ ਕੱਲ ਤਾਂ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵੀ ਹਰ ਸਾਲ ਵਾਧਾ ਹੋ ਰਿਹਾ ਹੈ।

**ਕਦੇ ਝੱਖੜ, ਕਦੇ ਗੜੇ, ਕੁਦਰਤ ਦਾ ਭਾਣਾ,**
**ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰੀ ਨੂੰ ਜਾਣਾ।**

ਰੱਬ ਰੱਬ ਕਰਕੇ ਮਸਾਂ ਉਹ ਦਿਨ ਆਉਂਦਾ ਜਦੋਂ ਸੁੱਖੀ ਸਾਂਦੀ ਕਣਕ ਦੀ ਵਾਢੀ ਸ਼ੁਰੂ ਹੁੰਦੀ ਹੈ। ਜੱਟੀ ਦੇ ਅਰਮਾਨ ਵੀ ਉਛਾਲੇ ਮਾਰਦੇ ਹਨ

**ਹਾੜ੍ਹੀ ਵਢੂੰਗੀ ਬਰੋਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ।**
**ਕਣਕਾਂ ਦੇ ਮੂੰਹ ਆ ਗਈ ਲਾਲੀ, ਖੁਸ਼ੀਆਂ ਭਰੇ ਕਿਆਰੇ,**
**ਭੰਗੜਾ ਪਾ ਮੁੰਡਿਆ, ਤੈਨੂੰ ਕਣਕ ਸੈਨਤਾਂ ਮਾਰੇ।**

ਕਣਕ ਦੇ ਬੋਹਲ ਲਗਦੇ ਹੀ ਪਹਿਲਾ ਪੰਛੀ ਜਨੌਰਾਂ ਦਾ ਹਿੱਸਾ, ਤੇ ਫਿਰ ਘਰ ਦੇ ਬੱਚਿਆਂ, ਕੰਮ ਕਰਨ ਵਾਲਿਆਂ ਤੇ ਪਿੰਡ ਵਿੱਚੋਂ ਹੋਰ ਧੀਆਂ ਧਿਆਣੀਆਂ ਦੇ ਮੰਗਣ ਤੇ ਰੀਡੀ ਦਿੱਤੀ ਜਾਂਦੀ ਹੈ। ਅੱਜਕੱਲ ਤਾਂ ਬਾਬੇ ਹੀ ਬਹੁਤ ਹੋ ਗਏ ਹਨ ਜੋ ਦੇਖਦੇ ਹੀ ਦੇਖਦੇ ਬੋਰੀਆਂ ਭਰਕੇ ਕੈਂਟਰ ਤੇ ਲੱਦ ਲੈਂਦੇ ਹਨ ਤੇ ਜੱਟ ਵਿਚਾਰਾ ਦੇਖਦਾ ਹੀ ਰਹਿ ਜਾਂਦਾ ਹੈ। ਜਦੋਂ ਕਣਕ ਮੰਡੀ ਪਹੁੰਚਦੀ ਹੈ ਤਾਂ ਅੱਗੋਂ ਮੁੱਲ ਲਾਗਤ ਦੇ ਹਿਸਾਬ ਨਾਲ ਮੁੱਲ ਨਹੀਂ ਮਿਲਦਾ ਤਾਂ ਘਰੋਂ ਤਾਨੇ ਮਿਹਣੇ ਮਿਲਦੇ ਹਨ ਕਿ ਸਾਡੀ ਕੋਈ ਮੰਗ ਪੂਰੀ ਨਹੀਂ ਹੁੰਦੀ। ਇਸ ਲਈ ਵੀ ਕਈ ਗੀਤ ਬੋਲੀਆਂ ਬਣੀਆਂ ਹੋਈਆਂ ਹਨ:

**ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਨੀ ਤੇਰੇ ਬੰਦ ਨਾ ਬਣੇ।**
**ਪਹਿਲਾਂ ਮਾਮਲੇ ਤੋਂ ਜਾਨ ਛੁਡਾਈਏ, ਬੰਦ ਤੇਰੇ ਫੇਰ ਬਣਨੇ।**
**ਛਿੱਲਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ, ਬੋਹਲ ਸਾਰਾ ਵੇਚ ਘੱਤਿਆ।**

ਮਿਹਨਤ ਦਾ ਮੁੱਲ ਪੂਰਾ ਨਾ ਮਿਲਦਾ ਵੇਖਕੇ ਕਿਸਾਨ ਪਰਿਵਾਰਾਂ ਦੇ ਬੱਚੇ ਖੇਤੀ ਵੱਲੋਂ ਮੂੰਹ ਮੋੜ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ। ਅੱਜ ਕੱਲ ਬਹੁਤੇ ਕਿਸਾਨੀ ਪਰਿਵਾਰ ਆਪਣੇ ਬੱਚਿਆਂ ਨੂੰ ਕਿਸਾਨ ਬਣਾਉਣਾ ਨਹੀਂ ਚਾਹੁੰਦੇ, ਕਿਉਂਕਿ ਕਿਸਾਨੀ ਅੱਜਕਲ ਘਾਟੇ ਦਾ ਸੌਦਾ ਬਣ ਗਈ ਹੈ। ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਇਸ ਸੱਭਿਆਚਾਰ ਨੂੰ ਖਾਤਮੇ ਦੇ ਰਾਹ ਤੋਰ ਦਿੱਤਾ ਹੈ। ਸੋ ਕਣਕਾਂ ਨਾਲ ਸਬੰਧਤ ਗੀਤਾਂ ਨੂੰ ਵੀ ਫਿਰ ਕਿਸਨੇ ਯਾਦ ਰੱਖਣਾ ਹੋਇਆ।

# ਖਰ੍ਹਵੇਂ ਅਨਾਜ ਦੀ ਪੌਸ਼ਕਤਾ ਵਧਾਉਣ ਲਈ ਪ੍ਰੋਸੈਸਿੰਗ ਤੋਂ ਪਹਿਲਾਂ ਦੀ ਸਾਂਭ-ਸੰਭਾਲ

ਗੁਰਵੀਰ ਕੌਰ ਅਤੇ ਸੰਧਿਆ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ, ਮੋ. 86706-70348

**ਖਰ੍ਹਵੇਂ ਅਨਾਜਾਂ ਦਾ ਛਿਲਕਾ ਉਤਾਰਨ ਤੋਂ ਪਹਿਲਾਂ ਪ੍ਰੀ-ਟਰੀਟਮੈਂਟ ਵਿਰੋਧੀ-ਪੌਸ਼ਟਿਕ ਤੱਤ ਕੱਢਣ, ਛਿਲਕਾ ਉਤਾਰਨ ਵਾਲੀ ਪ੍ਰਕਿਰਿਆ ਨੂੰ ਅਨੁਕੂਲ ਬਣਾਉਣ, ਸਾਬਤ ਚੌਲ ਵਿਚ ਵਾਧਾ, ਟੋਟੇ ਨੂੰ ਘੱਟ ਕਰਨ, ਅਤੇ ਅੰਤਮ ਉਤਪਾਦ ਦੀ ਪੌਸ਼ਟਿਕ ਗੁਣਵੱਤਾ ਨੂੰ ਵਧਾਉਣ ਲਈ ਮਹੱਤਵਪੂਰਨ ਹੈ।**

ਖਰ੍ਹਵੇਂ ਅਨਾਜ ਨੂੰ ਖਾਣ ਯੋਗ ਬਣਾਉਣ, ਪੌਸ਼ਟਿਕ ਤੱਤਾਂ ਦੀ ਉਪਲਬਧਤਾ ਨੂੰ ਵਧਾਉਣ ਅਤੇ ਮਨੁੱਖੀ ਖਪਤ ਲਈ ਸੁਰੱਖਿਅਤ ਬਣਾਉਣ ਲਈ ਐਂਟੀਨਿਊਟ੍ਰੀਐਂਟਸ (ਵਿਰੋਧੀ ਤੱਤ) ਅਤੇ ਸਖਤ ਛਿਲਕਾ ਨੂੰ ਮਕੈਨੀਕਲ ਤਰੀਕਿਆਂ ਜਾਂ ਪ੍ਰੀ-ਟਰੀਟਮੈਂਟ ਦੁਆਰਾ ਹਟਾਉਣ ਜਾਂ ਘਟਾਉਣ ਦੀ ਲੋੜ ਹੁੰਦੀ ਹੈ। ਖਰ੍ਹਵੇਂ ਅਨਾਜਾਂ ਦਾ ਛਿਲਕਾ ਉਤਾਰਨ ਤੋਂ ਪਹਿਲਾਂ ਪ੍ਰੀ-ਟਰੀਟਮੈਂਟ ਵਿਰੋਧੀ-ਪੌਸ਼ਟਿਕ ਤੱਤ ਕੱਢਣ, ਛਿਲਕਾ ਉਤਾਰਨ ਵਾਲੀ ਪ੍ਰਕਿਰਿਆ ਨੂੰ ਅਨੁਕੂਲ ਬਣਾਉਣ, ਸਾਬਤ ਚੌਲ ਵਿਚ ਵਾਧਾ, ਟੋਟੇ ਨੂੰ ਘੱਟ ਕਰਨ, ਅਤੇ ਅੰਤਮ ਉਤਪਾਦ ਦੀ ਪੌਸ਼ਟਿਕ ਗੁਣਵੱਤਾ ਨੂੰ ਵਧਾਉਣ ਲਈ ਮਹੱਤਵਪੂਰਨ ਹੈ। ਖਰ੍ਹਵੇ ਅਨਾਜਾਂ ਦੇ ਪੂਰਵ ਉਪਚਾਰ ਦੀ ਲੋੜ ਦੇ ਕੁਝ ਮੁੱਖ ਕਾਰਨ ਹਨ:

**ਕਠੋਰਤਾ ਵਿਚ ਕਮੀ**: ਪ੍ਰੀ-ਟਰੀਟਮੈਂਟ, ਜਿਵੇਂ ਕਿ ਪਾਣੀ ਨਾਲ ਕੰਡੀਸ਼ਨਿੰਗ ਬਾਹਰੀ ਪਰਤ ਨੂੰ ਨਰਮ ਕਰਨ ਵਿਚ ਮਦਦ ਕਰਦੀ ਹੈ। ਛਿਲਕਾ ਉਤਾਰਨ ਦੀ ਪ੍ਰਕਿਰਿਆ ਦੌਰਾਨ ਇਹ ਪਰਤ ਉਤਾਰਨਾ ਆਸਾਨ ਹੋ ਜਾਂਦਾ ਹੈ।

**ਛਿਲਕਾ ਉਤਾਰਨ ਵਿਚ ਸੌਖ**: ਪ੍ਰੀ-ਟਰੀਟਮੈਂਟ ਛਿਲਕਾ ਉਤਾਰਨ ਦੀ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵੀ ਅਤੇ ਘੱਟ ਊਰਜਾ-ਤੀਬਰ ਬਣਾ ਦਿੰਦੀ ਹੈ।

**ਟੁੱਟਣ ਨੂੰ ਘੱਟ ਕਰਨਾ**: ਪੂਰਵ ਉਪਚਾਰ ਦੇ ਤਰੀਕੇ, ਜਿਵੇਂ ਕਿ ਦਾਣਿਆਂ ਵਿਚ ਨਮੀ ਪਾਉਣਾ, ਛਿਲਕੇ ਦੀ ਭੁਰਭੁਰੀ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ।

**ਪੌਸ਼ਟਿਕ ਤੱਤਾਂ ਨੂੰ ਵਧਾਉਣਾ**: ਕੁਝ ਪੂਰਵ-ਉਪਚਾਰ ਵਿਧੀਆਂ, ਜਿਵੇਂ ਕਿ ਭਿਆਉਣਾ ਜਾਂ ਭਾਫ ਦੇਣਾ, ਖਰ੍ਹਵੇ ਅਨਾਜਾਂ ਦੀ ਪੌਸ਼ਟਿਕ ਰਚਨਾ ਵਿਚ ਤਬਦੀਲੀਆਂ ਵਿਚ ਯੋਗਦਾਨ ਪਾਉਂਦੀਆਂ ਹਨ।

**ਪ੍ਰੋਸੈਸਿੰਗ ਦੇ ਸਮੇਂ ਨੂੰ ਘਟਾਉਣਾ**: ਪ੍ਰੀ-ਟਰੀਟਮੈਂਟ ਵਧੇਰੇ ਕੁਸ਼ਲ ਤਰੀਕੇ ਨਾਲ ਛਿਲਕਾ ਉਤਾਰਨ ਲਈ ਅਨਾਜ ਤਿਆਰ ਕਰਕੇ ਸਮੁੱਚੇ ਪ੍ਰੋਸੈਸਿੰਗ ਦੇ ਸਮੇਂ ਵਿਚ ਕਮੀ ਲਿਆ ਸਕਦਾ ਹੈ।

**ਵਿਰੋਧੀ ਤੱਤਾਂ ਵਿਚ ਘਾਟ**: ਇਹ ਪ੍ਰਕਿਰਿਆਵਾਂ ਫਾਈਟੇਟਸ ਅਤੇ ਟੈਨਿਨ ਵਰਗੇ ਵਿਰੋਧੀ ਤੱਤਾਂ ਨੂੰ ਤੋੜਨ ਵਿਚ ਮਦਦ ਕਰਦੀਆਂ ਹਨ, ਜ਼ਰੂਰੀ ਪੌਸ਼ਟਿਕ ਤੱਤਾਂ ਦੀ ਜੈਵ-ਉਪਲਬਧਤਾ ਨੂੰ ਵਧਾਉਂਦੀਆਂ ਹਨ।

ਕਈ ਪੂਰਵ ਉਪਚਾਰ ਜਿਹੜੇ ਛਿਲਕਾ ਉਤਾਰਨ ਜਾਂ ਪਾਲਿਸ਼ ਕਰਨ ਤੋਂ ਪਹਿਲਾਂ ਕੀਤੇ ਜਾਂਦੇ ਹਨ, ਹੇਠਾਂ ਦਿੱਤੇ ਅਨੁਸਾਰ ਹਨ:

**1. ਭਿਓਣਾ**: ਦਾਣਿਆਂ ਨੂੰ ਕਮਰੇ ਦੇ ਤਾਪਮਾਨ 'ਤੇ ਪੂਰੀ ਤਰ੍ਹਾਂ ਭਿੱਜ ਜਾਣ ਤੱਕ ਵੱਖ-ਵੱਖ ਅਵਧੀ ਲਈ ਕੋਸੇ ਪਾਣੀ ਵਿਚ ਭਿਓਂ ਕੇ ਰੱਖਿਆ ਜਾਂਦਾ ਹੈ। ਭਿੱਜਣ ਤੋਂ ਬਾਅਦ, ਦਾਣਿਆਂ ਨੂੰ ਸਾਫ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਜਾਂ ਤਾਂ 60



ਡਿਗਰੀ ਸੈਲਸੀਅਸ ਤਾਪਮਾਨ 'ਤੇ ਓਵਨ ਵਿਚ ਜਾਂ ਸੂਰਜ ਦੇ ਹੇਠਾਂ ਸੁਕਾਇਆ ਜਾਂਦਾ ਹੈ।

**2. ਅੰਕੁਰਣ**: ਇਹ ਵਿਧੀ ਅਨਾਜ ਦੀ ਬਣਤਰ ਵਿਚ ਬਦਲਾਅ ਲਿਆਉਂਦੀ ਹੈ, ਇਸਦੀ ਪੌਸ਼ਟਿਕ ਗੁਣਵੱਤਾ ਨੂੰ ਉੱਚਾ ਕਰਦੀ ਹੈ ਅਤੇ ਤਿਆਰ ਕੀਤੇ ਭੋਜਨਾਂ ਦੀ ਪਾਚਨਤਾ, ਵਿਭਿੰਨਤਾ ਅਤੇ ਸੁਆਦੀਤਾ ਵਿਚ ਯੋਗਦਾਨ ਪਾਉਂਦੀ ਹੈ। ਅਕੁੰਰਣ ਦੀ ਪ੍ਰਕਿਰਿਆ ਦੇ ਦੌਰਾਨ, ਸਾਬਤ ਅਨਾਜ



ਨੂੰ ਆਮ ਤੌਰ 'ਤੇ 2 ਤੋਂ 24 ਘੰਟਿਆਂ ਤੱਕ ਭਿਓਂ ਕੇ ਰੱਖਿਆ ਜਾਂਦਾ ਹੈ। ਖਰ੍ਹਵੇਂ ਅਨਾਜ ਦੇ ਉੱਗਣ ਦੇ ਨਤੀਜੇ ਵਜੋਂ ਦਾਣੇ / ਗਿਰੀ ਦੀ ਬਣਤਰ ਨਰਮ ਹੋ ਜਾਂਦੀ ਹੈ ਅਤੇ ਪੌਸ਼ਟਿਕ ਮੁੱਲ ਵਿਚ ਇੱਕ ਸਮਕਾਲੀ ਵਾਧਾ ਹੁੰਦਾ ਹੈ।

**3. ਖਮੀਰਨਾ**: ਇਸ ਪ੍ਰਕਿਰਿਆ ਵਿਚ, ਅਨਾਜ ਵੱਖ-ਵੱਖ ਸੂਖਮ ਜੀਵਾਣੂਆਂ ਦੇ ਪ੍ਰਸਾਰ ਲਈ ਸਬਸਟਰੇਟ ਵਜੋਂ ਕੰਮ ਕਰਦੇ ਹਨ। ਆਮ ਤੌਰ 'ਤੇ ਖਰ੍ਹਵੇਂ ਅਨਾਜਾਂ ਨੂੰ ਕਮਰੇ ਦੇ ਤਾਪਮਾਨ 'ਤੇ ਫਰਮੈਂਟ ਕੀਤਾ ਜਾਂਦਾ ਹੈ, ਜੋ ਕਿ 24 ਤੋਂ 72 ਘੰਟਿਆਂ ਤੱਕ ਚੱਲਦਾ ਹੈ ਜਿਹੜਾ ਕਿ ਖਾਸ ਭੋਜਨ ਉਤਪਾਦ ਜਾਂ ਪੀਣ ਵਾਲੇ ਪਦਾਰਥਾਂ 'ਤੇ ਨਿਰਭਰ ਕਰਦਾ ਹੈ। ਫਰਮੈਂਟੇਸ਼ਨ ਪ੍ਰਕਿਰਿਆ ਦੇ ਦੌਰਾਨ, ਮਾਈਕਰੋਬਾਇਲ ਗਤੀਵਿਧੀ ਕਈ ਉਪ-ਉਤਪਾਦ ਪੈਦਾ ਕਰਦੀ ਹੈ, ਜਿਸ ਵਿਚ ਜੈਵਿਕ ਐਸਿਡ ਅਤੇ ਐਂਟੀਬਾਇਓਟਿਕਸ ਸ਼ਾਮਲ ਹਨ, ਕਿਉਂਕਿ ਉਹ ਅਨਾਜ ਵਿਚ ਮੌਜੂਦ ਸਚਾਰਚ ਦੀ ਵਰਤੋਂ ਕਰਦੇ ਹਨ।

**4. ਪਾਣੀ ਅਤੇ ਗਰਮੀ ਦਾ ਪ੍ਰਯੋਗ**: ਇਸ ਪ੍ਰਕਿਰਿਆ ਵਿਚ ਤਾਪਮਾਨ-ਸਮੇਂ ਦੀਆਂ ਸਥਿਤੀਆਂ ਬੀਜ ਦੀ ਕਠੋਰਤਾ ਦੇ ਆਧਾਰ 'ਤੇ ਤੈਅ ਕੀਤੀਆਂ ਜਾਂਦੀਆਂ ਹਨ, ਅਤੇ ਇਸ ਵਿਚ ਦਾਣਿਆਂ ਨੂੰ ਸ਼ੁਰੂਆਤ ਵਿਚ ਭਿਓਂ ਕੇ ਭਾਫ ਦੇਣਾ ਅਤੇ ਉਬਾਲਣਾ ਸ਼ਾਮਲ ਹੈ। ਅਨਾਜ ਨੂੰ ਗਰਮ ਪਾਣੀ ਵਿਚ ਭਿਆਉਣ ਦਾ ਅਭਿਆਸ ਘਰਾਂ ਵਿਚ ਵਿਆਪਕ ਤੌਰ 'ਤੇ ਅਪਣਾਇਆ ਜਾਂਦਾ ਹੈ, ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਪਹੁੰਚ ਨੂੰ ਦਰਸਾਉਂਦਾ ਹੈ ਜਿਸਦਾ ਉਦੇਸ਼ ਵਿਰੋਧੀ-ਪੌਸ਼ਟਿਕ ਤੱਤ, ਖਾਸ ਕਰਕੇ ਫਾਈਟੇਟਸ ਨੂੰ ਘਟਾਉਣਾ ਹੈ।

ਪਾਰਬੋਇਲ ਕਰਨ ਨਾਲ ਬਿਨਾ ਛਿਲਕੇ ਦੇ ਖਰ੍ਹਵੇ ਅਨਾਜ ਵਿਚ ਗੈਰ-ਪਾਰਬੋਇਲਡ ਖਰ੍ਹਵੇਂ ਅਨਾਜ ਦੀ ਤੁਲਨਾ ਵਿਚ ਵਾਧਾ ਹੁੰਦਾ ਹੈ। ਖਰ੍ਹਵੇਂ ਅਨਾਜ ਦੇ ਬਿਨਾ ਛਿਲਕੇ ਦੇ ਚੌਲ ਵਿਚ 28% ਸੁਧਾਰ ਹੋ ਜਾਂਦਾ ਹੈ, ਜੋ ਕਿ ਦਾਣੇ ਦੀ ਕਠੋਰਤਾ ਵਿਚ ਵਾਧਾ ਅਤੇ ਛਿਲਕੇ ਦਾ ਦਾਣੇ ਤੋਂ ਵੱਖ ਹੋਣ ਦਾ ਕਾਰਨ ਹੈ। ਇਸ ਤੋਂ ਇਲਾਵਾ, ਹਾਈਡ੍ਰੋਥਰਮਲ ਉਪਚਾਰ ਅਨਾਜ ਦੀ ਸੁਆਦਤਾ ਵਿਚ ਸੁਧਾਰ ਲਈ ਯੋਗਦਾਨ ਪਾਉਂਦੇ ਹਨ। ਖਰ੍ਹਵੇਂ ਅਨਾਜ ਦੇ ਅੰਤਰਰਾਸ਼ਟਰੀ ਸਾਲ ਦੌਰਾਨ, ਇਹਨਾਂ ਦੀ ਖਪਤ ਬਾਰੇ ਜਾਗਰੂਕਤਾ ਵਧ ਰਹੀ ਹੈ। ਹਾਲਾਂਕਿ ਇਹ ਦੱਸਣਾ ਜ਼ਰੂਰੀ ਹੈ ਕਿ ਇੱਕ ਸਿਹਤਮੰਦ ਖੁਰਾਕ ਵਿਚ ਖਰ੍ਹਵੇ ਅਨਾਜ ਦੇ ਸਹੀ ਪੂਰਵ ਉਪਚਾਰ ਅਤੇ ਪ੍ਰੋਸੈਸਿੰਗ ਸ਼ਾਮਲ ਹੈ, ਕਿਉਂਕਿ ਬਹੁਤ ਜ਼ਿਆਦਾ ਅਤੇ ਬਿਨਾ ਪ੍ਰੋਸੈਸ ਦੇ ਸੇਵਨ ਮਨੁੱਖੀ ਸਿਹਤ ਲਈ ਸੰਭਾਵੀ ਖਤਰਾ ਪੈਦਾ ਕਰ ਸਕਦਾ ਹੈ। ਖਾਣ ਲਈ ਸਹੀ ਢੰਗ ਤੇ ਮਾਤਰਾ ਦਾ ਸੰਤੁਲਨ ਲੱਭਣਾ ਖਰ੍ਹਵੇ ਅਨਾਜਾਂ ਦੇ ਲਾਭਾਂ ਨੂੰ ਪ੍ਰਾਪਤ ਕਰਨ ਲਈ ਇੱਕ ਕੁੰਜੀ ਹੈ।


**ਪੰਜਾਬ ਅੰਦਰ ਹੋਈ ਗੜ੍ਹੇਮਾਰੀ, ਹਨੇਰੀ ਅਤੇ ਹੋਈ ਬੇਮੌਸਮੀ ਬਰਸਾਤ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ 'ਚ ਕਣਕ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਜਿਸ ਦੀ ਭਰਪਾਈ ਕਰਨੀ ਬਹੁਤ ਹੀ ਮੁਸ਼ਕਲ ਹੈ। ਫਿਰ ਵੀ ਚਾਲੂ ਹਾੜ੍ਹੀ ਦੇ ਸੀਜ਼ਨ ਦੌਰਾਨ ਦੇਸ਼ ਅੰਦਰ ਹੋਣ ਵਾਲੀ ਲੋਕ ਸਭਾ ਚੋਣਾਂ ਕਾਰਨ ਮਜ਼ਦੂਰਾਂ ਦੀ ਘਾਟ ਦੇ ਨਾਲ ਹੀ ਕਿਸਾਨਾਂ ਨੂੰ ਹੋਰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਸਕਦਾ ਹੈ। ਜਿਸ ਕਰਕੇ ਇਸ ਵਾਰ ਆਮ ਸੀਜਨ ਨਾਲੋਂ ਜ਼ਿਆਦਾ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ।**



# ਕਣਕ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਅਗੇਤੇ ਪ੍ਰਬੰਧ ਜ਼ਰੂਰੀ

### ਕਣਕ ਨੂੰ ਅੱਗ ਲੱਗਣ ਦੇ ਮੁੱਖ ਕਾਰਨ

ਜਿਹੜੇ ਜ਼ਿਲ੍ਹਿਆਂ ਵਿਚ ਥੋੜ੍ਹੀ-ਬਹੁਤ ਕਣਕ ਦੀ ਫਸਲ ਦਾ ਬਚਾਅ ਹੋਇਆ ਹੈ, ਉਸ ਨੂੰ ਜ਼ਿੰਮੇਵਾਰੀ ਨਾਲ ਬਚਾਇਆ ਜਾ ਸਕਦਾ ਹੈ ਕਿ ਖੇਤ ਵਿਚ ਖੜ੍ਹੀ ਕਣਕ ਜਾਂ ਨਾੜ ਨੂੰ ਅੱਗ ਨਾ ਲੱਗ ਸਕੇ। ਪੰਜਾਬ ਅੰਦਰ ਅੱਗ ਲੱਗਣ ਦੀਆਂ ਇਨ੍ਹਾਂ ਘਟਨਾਵਾਂ ਦੀ ਲਪੇਟ ਵਿਚ ਆਉਣ ਕਰਕੇ ਜਾਨੀ ਨੁਕਸਾਨ ਵੀ ਹੋ ਚੁੱਕੇ ਹਨ। ਕਣਕਾ ਨੂੰ ਅੱਗ ਲੱਗਣ ਪਿੱਛੇ ਮੁੱਖ ਕਾਰਨ ਬਿਜਲੀ ਦੀਆਂ ਢਿੱਲੀਆਂ ਤਾਰਾਂ ਅਤੇ ਤਾਰਾਂ ਦੇ ਛੱਡੇ ਗਏ ਢਿੱਲੇ ਜੋੜਾਂ ਵਿਚੋਂ ਚੰਗਿਆੜੇ ਨਿਕਲਣੇ, ਤੂੜੀ ਬਣਾਉਂਦੇ ਸਮੇਂ ਰੀਪਰ-ਟਰੈਕਟਰ, ਕੰਬਾਇਨ ਆਦਿ ਵਿਚ ਅੱਗ



ਦੇ ਪਤੰਗੇ ਬਾਹਰ ਆਉਣਾ, ਬੀੜੀ-ਸਿਗਰਟ ਦੇ ਨਾਲ ਹੀ ਕਣਕ ਦੇ ਨਾੜ ਨੂੰ ਲਾਈ ਅੱਗ ਵੀ ਕਈ ਵਾਰ ਨਾਲ ਖੜ੍ਹੀ ਕਣਕ ਨੂੰ ਆਪਣੀ ਲਪੇਟ 'ਚ ਲੈ ਲੈਂਦੀ ਹੈ।

ਜਿਸ ਕਰਕੇ ਕਣਕ ਦੀ ਕਟਾਈ ਕਰਨ ਅਤੇ ਤੂੜੀ ਬਣਾਉਣ ਸਮੇਂ ਅੱਗ ਦੀਆਂ ਚੰਗਿਆੜੀਆਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਪਰ ਸਰਕਾਰਾਂ ਅਤੇ ਪ੍ਰਸ਼ਾਸਨ ਖੇਤ ਵਿਚ ਖੜ੍ਹੇ ਅਨਾਜ ਨੂੰ ਅੱਗ ਲੱਗਣ ਸਮੇਂ ਹੀ ਜਾਗਦੇ ਹਨ। ਹੋਰਨਾਂ ਗੈਰ-ਕੁਦਰਤੀ ਆਫਤਾਂ ਦੀ ਤਰ੍ਹਾਂ ਕਿਸਾਨਾਂ ਦੇ ਇਸ ਨੁਕਸਾਨ ਨੂੰ ਬਚਾਉਣ ਲਈ ਕੋਈ ਅਗੇਤੇ ਪ੍ਰਬੰਧ ਨਹੀਂ ਕੀਤੇ ਜਾਂਦੇ।

ਸਿਰਫ ਬਿਆਨ ਦੇਣ ਅਤੇ ਮੁਆਵਜਾ ਦੇਣ ਦੀ ਗੱਲ ਕਰਕੇ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਮਿੱਟੀ ਪਾ ਦਿੱਤੀ ਜਾਂਦੀ ਹੈ। ਪੰਜ ਕੁ ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜਾ ਦੇਣ ਦਾ ਐਲਾਨ ਕਰਕੇ ਸਰਕਾਰਾਂ ਕਿਸਾਨਾਂ ਨਾਲ ਕੋਝਾ ਮਜ਼ਾਕ ਦੀ ਨਹੀਂ ਕਰਦੀਆਂ ਸਗੋਂ ਸੋਨੇ ਵਰਗ ਖੇਤਾਂ ਨੂੰ ਲੱਗੀ ਅੱਗ ਨਾਲ ਹੋਏ ਜ਼ਖਮਾਂ 'ਤੇ ਲੂਣ ਵੀ ਭੁੱਕਦੀਆਂ ਹਨ। ਜੇਕਰ ਬਿਜਲੀ ਬੋਰਡ ਦੀ ਜਾਂ ਫਿਰ ਕਿਸੇ ਹੋਰ


ਬ੍ਰਿਸ ਭਾਨ ਬੁਜਰਕ,
ਕਾਹਨਗੜ੍ਹ ਰੋਡ, ਪਾਤੜਾਂ,
ਜ਼ਿਲ੍ਹਾ ਪਟਿਆਲਾ।


ਮਨੁੱਖੀ ਗਲਤੀ ਕਾਰਨ ਖੇਤ ਵਿਚ ਖੜ੍ਹੀ ਕਣਕ ਨੂੰ ਅੱਗ ਲੱਗਣ ਦੀ ਘਟਨਾ ਵਾਪਰਦੀ ਹੈ ਅਤੇ ਕੁਦਰਤੀ ਵਰਤਾਰੇ ਕਾਰਨ ਨੁਕਸਾਨ ਹੋ ਜਾਂਦਾ ਹੈ ਤਾਂ ਸਰਕਾਰ ਨੂੰ ਘੱਟ-ਘੱਟ 30 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ।

ਕਿਉਂਕਿ ਕਣਕ ਦੀ ਫਸਲ ਪੰਜਾਬ ਦੇ ਕਿਸਾਨ ਦੀ ਮੁੱਖ ਫਸਲ ਹੁੰਦੀ ਹੈ। ਜੇਕਰ ਇਹ ਫਸਲ ਅੱਗ ਦੀ ਲਪੇਟ ਵਿਚ ਆ ਜਾਂਦੀ ਹੈ ਤਾਂ ਕਿਸਾਨ ਸਾਰੀ ਉਮਰ ਸਿਰ ਚੜ੍ਹਿਆ ਆਪਣਾ ਕਰਜ਼ਾ ਨਹੀਂ ਉਤਾਰ ਸਕਦਾ। ਜੇਕਰ ਹਾੜ੍ਹੀ ਦੀ ਫਸਲ ਦੌਰਾਨ ਕਿਸਾਨ ਦੀ ਕਣਕ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਨੂੰ ਦੂਹਰੀ ਮਾਰ ਝੱਲਣੀ ਪੈਂਦੀ ਹੈ। ਇਕ ਪਾਸੇ ਤਾਂ ਕਣਕ ਅੱਗ ਦੀ ਭੇਟ ਚੜ੍ਹ ਜਾਂਦੀ ਹੈ। ਦੂਜੇ ਪਾਸੇ ਕਿਸਾਨ ਨੂੰ ਆਪਣੇ ਪਰਿਵਾਰ ਅਤੇ ਪਸ਼ੂਆਂ ਲਈ ਕਣਕ ਮੁੱਲ ਖਰੀਦਣੀ ਪੈਂਦੀ ਹੈ।

### ਸਰਕਾਰ ਵੱਲੋਂ ਚੁੱਕੇ ਜਾਣੇ ਬਣਦੇ ਜ਼ਰੂਰੀ ਕਦਮ

ਸਰਕਾਰ ਨੂੰ ਅੱਗ ਤੋਂ ਬਚਾਅ ਤੋਂ ਪਹਿਲਾਂ ਹੀ ਪ੍ਰਬੰਧ ਕਰਨੇ ਚਾਹੀਦੇ ਹਨ। ਹਾੜ੍ਹੀ ਦੇ ਸੀਜਨ ਦੌਰਾਨ ਕਣਕ ਦੀ ਫਸਲ ਨੂੰ ਲੱਗਣ ਵਾਲੀਆਂ ਅੱਗਾਂ ਨੂੰ ਰੋਕਣ ਲਈ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਕੋਈ ਅਗੇਤੇ ਪ੍ਰਬੰਧ ਨਹੀਂ ਕੀਤੇ ਜਾਂਦੇ। ਅੱਗ ਬੁਝਾਊ ਗੱਡੀਆਂ ਜਿਲ੍ਹਿਆਂ ਵਿਚ ਖੜ੍ਹੀਆਂ ਰਹਿੰਦੀਆਂ ਹਨ। ਜਿਨ੍ਹਾਂ ਵਿਚੋਂ ਬਹੁਤੀਆਂ ਚੱਲਦੀਆਂ ਹੀ ਨਹੀਂ। ਕਣਕ ਦੇ ਸੀਜਨ ਦੌਰਾਨ ਸਰਕਾਰ ਨੂੰ ਸਬ-ਡਵੀਜਨ ਪੱਧਰ 'ਤੇ ਅੱਗ ਬੁਝਾਊ ਗੱਡੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਤਾਂ ਕਿ ਲੋੜ ਪੈਣ 'ਤੇ ਬੁਲਾਇਆ ਜਾ ਸਕੇ। ਜੇਕਰ ਅੱਗ ਬੁਝਾਊ ਗੱਡੀਆਂ ਦਾ ਸਬ-ਡਵੀਜਨ ਪੱਧਰ ਤੇ ਪ੍ਰਬੰਧ ਕੀਤਾ ਜਾਵੇ ਤਾਂ ਅਨਾਜ ਨੂੰ ਅੱਗ ਲੱਗਣ ਦੀਆਂ ਘਟਨਾਵਾਂ 'ਚ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਪਰ ਸਰਕਾਰਾ ਜਾਂ ਪ੍ਰਸ਼ਾਸਨ ਇਹੋ ਜਿਹੇ ਪ੍ਰਬੰਧ ਨਹੀਂ ਕਰਦੇ। ਇਨ੍ਹਾਂ ਦਿਨਾਂ 'ਚ ਤੇਜ਼ ਹਵਾਵਾਂ ਚੱਲਣ ਕਰਕੇ ਅੱਗ ਬਹੁਤ ਤੇਜ਼ੀ ਨਾਲ ਫੈਲਦੀ ਹੈ। ਜਿਸ 'ਤੇ ਕਾਬੂ ਪਾਉਣਾ ਸੌਖਾ ਕੰਮ ਨਹੀਂ ਹੁੰਦਾ।

### ਕੁਝ ਹੋਰ ਕਾਰਨ

ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਿਜਲੀ ਬੋਰਡ ਵੱਲੋਂ ਛੱਡੇ ਜੋਂ ਢਿੱਲੇ ਜੋੜ, ਤਾਰਾਂ ਆਦਿ ਨੂੰ ਹਾੜ੍ਹੀ ਦੇ ਸੀਜਨ ਤੋਂ ਪਹਿਲਾਂ ਠੀਕ ਕੀਤਾ ਜਾਣਾ ਚਾਹੀਦਾ ਹੈ। ਕਣਕ ਦੇ ਨਾੜ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਜਾਗ੍ਰਿਤ ਕਰਨ ਲਈ ਖੇਤੀਬਾੜੀ ਵਿਭਾਗ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਅੱਗ ਬੁਝਾਊ ਗੱਡੀਆਂ 'ਹਾੜ੍ਹੀ ਦੇ ਸੀਜਨ ਮੌਕੇ ਸਬ-ਡਵੀਜਨ 'ਤੇ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਅੱਗ ਲੱਗਣ ਦੀ ਘਟਨਾ ਤੋਂ ਬਾਅਦ ਜਿੰਨੇ ਸਮੇਂ ਅੰਦਰ ਅੱਗ ਬੁਝਾਊ ਗੱਡੀ ਪਹੁੰਚਦੀ ਹੈ, ਉਸ ਤੋਂ ਪਹਿਲਾਂ ਹੀ ਅੱਗ ਕਾਬੂ ਤੋਂ ਬਾਹਰ ਹੋ ਜਾਂਦੀ ਹੈ। ਪਰ ਅੱਜ ਤੱਕ ਕਣਕ ਦੇ ਸੀਜਨ ਦੌਰਾਨ ਸਰਕਾਰ ਨੇ ਇਹ ਜਿਹੇ ਕੋਈ ਪ੍ਰਬੰਧ ਨਹੀਂ ਕੀਤੇ, ਜਿਨ੍ਹਾਂ ਨਾਲ ਕਣਕ ਨੂੰ ਅੱਗ ਲੱਗਣ ਤੋਂ ਬਾਅਦ ਸੌਖਿਆਂ ਹੀ ਕਾਬੂ ਪਾਇਆ ਜਾ ਸਕੇ। ਜਿਸ ਕਰਕੇ ਕਿਸਾਨਾਂ ਨੂੰ ਖੁਦ ਹੀ ਪਾਣੀ ਨਾਲ ਭਰੇ ਕੈਂਟਰ ਖੇਤਾਂ ਵਿਚ ਖੜ੍ਹਾ ਕੇ ਰੱਖਣੇ ਚਾਹੀਦੇ ਹਨ।




## ਫਸਲਾਂ ਨਸਲਾਂ ’ਤੇ ਧਿਆਨ ਦੇਣ ਤੋਂ ਬਾਅਦ

# ਹੁਣ ਅਕਲਾਂ ਨਾਲ ਜੋੜ ਕੇ ਪੰਜਾਬ ਦੇ ਪਿੰਡਾਂ ’ਚ ਬੁੱਧੀਜੀਵੀ ਕਮੇਟੀਆਂ ਗਠਿਤ ਕਰਨ ਦੀ ਅਹਿਮ ਲੋੜ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਫਸਲਾਂ ਨਸਲਾਂ ਦੇ ਨਾਲ ਅਕਲਾਂ ਤਿੰਨਾਂ ਨੂੰ ਹੁਣ ਜੋੜ ਕੇ ਦੇਖਣ ਦੀ ਲੋੜ ਹੈ, ਆਉ ਏਨਾਂ ਤਿੰਨਾਂ ਤੇ ਵਿਚਾਰਾਂ ਛੇੜੀਏ। ਦੋਸਤੋਂ ਜਿੱਥੇ ਪਹਿਲਾਂ ਆਪਾਂ ਅਕਸਰ ਗੱਲਾਂ ਫਸਲਾਂ ਦੀ ਸਿਹਤ ਤੇ ਸਾਂਭ ਸੰਭਾਲ ਬਾਰੇ ਆਮ ਕਰਦੇ ਸਾਂ, ਜੋ ਸਮੇਂ ਦਰ ਸਮੇਂ ਬਾਅਦ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਤੇ ਬੇਰੁਜ਼ਗਾਰੀ ਤੋਂ ਦੁਖੀ ਸਾਡੀ ਪੀੜ੍ਹੀ (ਨਸਲ) ਵਿਦੇਸ਼ਾਂ ਨੂੰ ਕੂਚ ਕਰਦੀਆਂ ਸਾਡੀਆਂ ਨਸਲਾਂ ਦੀਆਂ ਗੱਲਾਂ ਵੀ ਆਮ ਸਮਾਜ ਵਿਚ ਚੱਲਣ ਲੱਗ ਪਈਆਂ। ਹੁਣ ਅੱਜ ਸਾਨੂੰ ਏਸ਼ ਵਿਅੰਗ ਦੇ ਨਾਲ ਫਸਲਾਂ, ਨਸਲਾਂ ਤੋਂ ਅੱਗੇ ਚੱਲ ਕੇ ਅਕਲਾਂ ਲਫਜ਼ ਨੂੰ ਵੀ ਜੋੜਨ ਦੀ ਲੋੜ ਸਮਝ ਅਨੁਸਾਰ ਪਈ ਹੈ। ਕਿਉਂਕਿ ਸਾਡੇ ਪਿੰਡਾਂ ਦੇ ਵਿਕਾਸ ਪ੍ਰਬੰਧਾਂ ਦੇ ਹਾਲਾਤਾਂ ਅਤੇ ਲੋਕਾਂ ਦਾ ਜਿਊਣਾ ਸਮਾਜਿਕ ਤੌਰ ਤੇ ਆਸਾਂ ਭਰਿਆ ਜ਼ਰੂਰ ਹੈ, ਪਰ ਜੋ ਬੇ-ਆਸ ਹੋ ਅੱਜ ਵੀ ਇੱਕ ਦੂਜੇ ਨੂੰ ਕੋਸਦਿਆਂ ਹੀ ਲੰਘਦਾ ਦੇਖਿਆ ਆਮ ਜਾਂਦਾ ਹੈ। ਲੋਕਾਂ ਨੂੰ ਆਮ ਕਹਿੰਦੇ ਪਾਇਆ ਜਾਂਦਾ ਹੈ ਕਿ ਸਾਡੀਆਂ ਨਾਲੀ ਗਲੀਆਂ ਤੇ ਕਿਸੇ ਨੇ ਜਲ ਘਰਾਂ ਤੇ ਪੰਚਾਇਤ ਘਰਾਂ ਦਾ ਤੇ ਕਿਸੇ ਨੇ ਕੁਆਪਰੇਟਿਵ ਸੁਸਾਇਟੀ ਦੇ ਸੈਕਟਰੀ, ਪ੍ਰਧਾਨ, ਤੇ ਸੁਸਾਇਟੀ ਦੀ ਵਿਵਸਥਾ ਤੇ ਉਸ ਦਾ ਸਮਾਨ ‘ਚ ਸੁਧਾਰ ਨਹੀਂ ਕੀਤਾ। ਮੋਟਾ ਮੋਟਾ ਜੇ ਇਹ ਕਹਿ ਲਈਏ ਕਿ ਸਾਡੇ ਪਿੰਡ ਪਹਿਲਾਂ ਦੋ ਧੜੇ ‘ਚ ਵੰਡਿਆ ਸੀ ਫਿਰ ਤੀਜਾਂ ਬਣ ਗਿਆ ਤੇ ਹੁਣ ਇਹ ਬੁੱਧੀਜੀਵੀ ਵਰਗ ਉਹਨਾਂ ਸਭਨਾਂ ਨੂੰ ਇਕੱਠੇ ਕਰਨ ਵਿਚ ਮਤਲਬ ਜੱਥੇਬੰਦਕ ਕਰਨ ਲਈ ਰੋਲ ਨਿਭਾਏਗੀ। ਕਹਿਣ ਨੂੰ ਕਿ ਮੇਰਾ ਪੰਜਾਬ ਹੋਰ ਨਵੇਂ ਧੜੇ ‘ਚ ਨਹੀਂ ਵੰਡਿਆ ਜਾਵੇਗਾ। ਕਿਉਂਕਿ ਪਿੰਡ ਨੂੰ ਹੋਰ ਧੜਿਆਂ ‘ਚ ਵੰਡੇ ਜਾਣਾ ਵੀ ਕਿਸੇ ਕੈਂਸਰ ਤੋਂ ਘਟ ਨਹੀਂ।

ਦੂਜੇ ਪਾਸੇ ਫਸਲਾਂ ਦੀ ਗੱਲ ਕਰੀਏ ਉਹ ਵੀ ਦੋ ਪਾਸਿਉਂ ਕਰਨੀ ਦਿਸਦੀ ਹੈ। ਪਹਿਲੀ ਕਿ ਕੀ ਫਸਲ ਬੀਜੀਏ ਜੋ ਥੋੜ੍ਹੇ ਸਮੇਂ ਲਈ ਮੰਡੀਕਰਨ ਪ੍ਰਬੰਧਾਂ ਵਾਲੀ ਹੋਵੇ ਤੇ ਦੂਜੀ ਕਿਹੜੀ ਫਸਲ ਹੋਵੇ ਜੋ ਵਾਤਾਵਰਨ, ਮਨੁੱਖਤਾ ਤੇ ਆਰਥਿਕ ਸੁਧਾਰ ਵਾਲੀ ਹੋਵੇ। ਦੂਜੀ ਗੱਲ ਨਸਲਾਂ ਦੀ ਜੋ ਇਹ ਵੀ ਦੋ ਪਾਸਿਉਂ ਕਰਨੀ ਦਿਸਦੀ ਹੈ। ਪਹਿਲੀ ਉਹ ਕਿ ਸਾਡੀ ਨਸਲਾਂ ਜੋ ਖੇਤੀ ਖੇਤਰ ਤੋਂ ਦੂਰ ਮਸ਼ੀਨਾਂ ਦੇ ਯੁੱਗ ਦੀ ਗੁਲਾਮ ਹੋ ਗਈ ਜਿੱਥੇ ਕਿ ਨੌਜਵਾਨ ਕਿਸਾਨ ਕਿੱਲੇ ਵੀ ਵੱਟ ਤੇ ਤੁਰਨਾ ਵੀ ਸਾਹੋ ਸਾਹੀ ਹੋਇਆ ਅਨਫਿੱਟ ਹੁੰਦਾ ਪਾਇਆ ਗਿਆ। ਦੂਜਾ ਆਪਣੇ ਹੱਥੀਂ ਕੰਮ ਛੱਡ ਕੇ ਉਲਟਾ ਵੱਧ ਪੈਸੇ ਦੇ ਕੇ ਖੇਤੀ ਖਰਚੇ ਵਧਾ ਕੇ ਖੇਤੀ ਕਾਰਜ ਪੂਰਬੀਆਂ ਤੋਂ ਲੈ ਕੇ ਰਹੇ ਹਨ ਤੇ ਰਹਿੰਦਾਂ ਖੂੰਹਦਾਂ ਨਾਲ ਨਸਲਾਂ ਦਾ ਉਜਾੜ ਮੱਖ ਫਸਲਾਂ ਨਾਲ ਸਹਾਇਕ ਧੰਦਿਆਂ ਨੂੰ ਛੱਡ ਵਿਦੇਸ਼ਾਂ ਵਿਚ ਲੇਬਰ ਬਣਨ ਨੂੰ ਹੋ ਰਿਹਾ ਹੈ। ਤੀਜਾ ਅੱਜ ਦੇ ਲੇਖ ਜ਼ਰੀਏ ਵੀ ਅਕਲਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਹੈ ਜੋ ਪਹਿਲੀ ਗੱਲ ਬਿਨਾਂ ਸਮਝਦਾਰੀ ਦੇ ਇਕ ਦੂਜੇ ਨੂੰ ਦੇਖਾ-ਦੇਖੀ ਸਪਰੇਅ ਖਾਦਾਂ ਦੀ ਵਰਤੋਂ ਕਰਦਿਆਂ ਤੇ ਫਜ਼ੂਲ ਖਰਚ ਵੀ ਵਧਾਉਂਦਿਆਂ, ਉਸ ਦੇ ਨਾਲ ਫਸਲਾਂ ਤੇ ਕੀਤੇ ਖਰਚ ਨੂੰ ਨਾ ਮਾਪਣਾ ਮਤਲਬ ਬੀਜ ਦੀ ਖਰੀਦ ਤੋਂ ਲੈ ਕੇ ਫਸਲ ਕਟਾਈ ਤੱਕ ਦਾ ਖਰਚ ਇਕ ਕਾਪੀ ਤੇ ਨਾ ਲਿਖਣਾ ਤੇ ਫੇਰ ਆਈ ਬੱਚਤ ਨੂੰ ਮੁਕੰਮਲ ਨੋਟ ਕਰ ਬਿਜਨੈਸਮੈਨਾਂ ਵਾਂਗ ਆਏ ਫਸਲੀ ਖਰਚ ’ਚੋਂ ਮੇਨ ਖਰਚ ਮਾਪੀਏ, ਦੂਜੀ ਵੀ ਅਕਲਾਂ ਕਰਕੇ ਸੰਕੋਚ ਨਾਲ ਬੋਲੀਏ, ਕਿਉਂਕਿ ਤੁਹਾਡਾ ਬੋਲਣਾ ਹੀ ਤੁਹਾਡੀ ਬਿਰਤੀ ਬਿਆਨ ਕਰਦਾ ਹੈ। ਏਨਾਂ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੋ ਗਿਆ। ਅਕਲਾਂ ਸਦਕਾ ਹੀ ਪਿੰਡਾਂ ਚ ਬੈਠੇ ਉੱਘੇ ਸਮਾਜ ਸੇਵੀ, ਵਿਦਵਾਨ, ਵਾਤਾਵਰਣ ਪ੍ਰੇਮੀ, ਅਗਾਂਹਵਧੂ ਕਿਸਾਨ, ਬੁੱਧੀਜੀਵੀ ਵਰਗ ਨੂੰ ਸਹਿਜਮਈ ਜਥੇਬੰਦਕ ਕਰ ਸੇਧਾਂ ਲੈਣ ਦੀ ਕੋਸ਼ਿਸ਼ ਏਸ ਕਮੇਟੀ ਦੁਆਰਾ ਕੀਤੀ ਜਾ ਸਕਦੀ ਹੈ।

ਅਕਲਾਂ ਦੀ ਸ਼ਿਕਾਰ ਅੱਜ ਨਵੀਂ ਪੀੜ੍ਹੀ ਵੀ ਹੋਈ। ਨਵੀਂ ਨਸਨਾਂ ਨੂੰ ਅਕਲਾਂ ਨਾਲ ਵੱਡੇ ਛੋਟੇ ਦੀ ਕਦਰ ਤੇ ਹਲੀਮੀ ਵਧਾਉਣ ਦੀ ਲੋੜ ਹੈ ਜੋ ਘਟਦੀ ਨਜ਼ਰ ਆਈ ਹੈ। ਇਸ ਦੇ ਨਾਲ ਸਹਿਣਸ਼ੀਲਤਾ ਤਕਰੀਬਨ ਖਤਮ ਹੋਣ ਨਾਲ ਕਾਹਲੇਪਨ ਜਲਦਬਾਜ਼ੀ ਦਾ ਵੀ ਨਵੀਂ ਪੀੜ੍ਹੀ ਸ਼ਿਕਾਰ ਹੋ ਰਹੀ ਹੈ। ਏਥੇ ਵੀ ਹੁਣ ਅਕਲਾਂ ਨੂੰ ਲਿਸ਼ਕਾਉਣ ਦੀ ਲੋੜ ਹੈ।

ਦੇਖਿਆ ਜਾਵੇ ਤਾਂ ਅੱਜ ਸਾਡਾ ਦਿਮਾਗ ਵੀ ਕਾਰ ਚਾਲਕ ਦੇ ਦਿਮਾਗ ਵਰਕਾ ਹੋ ਗਿਆ। ਉਦਾਹਰਨ ਵਜੋਂ ਚਾਲਕ ਕਾਰ ਜ਼ਰੂਰ ਚਲਾ ਰਿਹਾ ਹੈ, ਪਰ ਉਸਦਾ ਅੱਧਾ ਦਿਮਾਗ ਅੱਗੇ ਸੜਕ ਕੇ ਚੱਲਦੇ ਦੇਖ ਰਿਹਾ ਹੁੰਦਾ ਹੈ, ਬਾਕੀ ਅੱਧਾ ਕਾਰ ‘ਚ ਚੱਲਦੇ ਸੰਗੀਤ ਨਾਲ ਜੁੜਿਆਂ ਹੁੰਦਾ ਹੈ ਤੇ ਬਾਕੀ ਬਚਿਆ ਪਿੱਛੇ ਪਈਆਂ ਸਮਾਜ ਦੀਆਂ ਸੋਚਾਂ ਕਿ ਆ ਕਰਨਾ ਸੀ ਕਿ ਉਹ ਕਰਨਾ ਸੀ, ਬਾਕੀ ਬੱਚਦਾ ਰਹਿੰਦਾ ਸਾਫ ਕੰਮ ਦਾ ਦਿਮਾਗ ਬਿਲਕੁਲ ਸਾਈਡ ਤੇ ਸ਼ਾਂਤ ਰਹਿੰਦਾ ਹੈ, ਜੋ ਕਿਤੇ ਉਲਝੇ ਕੰਮ ਵੇਲੇ ਹੀ ਆਪਣੀ ਕੰਮ ਦੀ ਸੋਚ ਨਾਲ ਉਪਾਅ ਦਾ ਨਿਬੇੜਾ ਜ਼ਰੂਰ ਕਰਦਾ ਹੈ। ਏਥੇ ਵੀ ਸਾਡੇ ਅਜਿਹੇ ਹੀ ਹਾਲਾਤ ਹਨ, ਪਿੰਡ ਪੱਧਰੀ ਬੱਸ ਹੀਰੇ ਪਛਾਣਨ ਦੀ ਲੋੜ ਹੈ ਹਾਲਾਂਕਿ ਸੋਨਾ ਸਾਰੇ ਹੀ ਹਨ। ਧੜੇਬੰਦੀਆਂ ਤੋਂ ਅੱਗੇ ਨਹੀਂ ਲੰਘਿਆ ਜਾ ਰਿਹਾ ਤੇ ਕੁੱਝ ਚੱਜਦੇ ਸੂਝਵਾਨ ਬੁੱਧੀਜੀਵੀ ਵੀ ਕਹਿੰਦੇ ਹਨ ਕਿ ਆਪਾਂ ਕੀ ਲੈਣਾ, ਮੈਨੂੰ ਕੀ ਲੋੜ, ਕੋਈ ਫਾਇਦਾ ਨਹੀਂ ਇੱਜ਼ਤ ਘਟਦੀ ਹੈ ਵਰਗੇ ਕਈ ਖਿਆਲਾਂ ਨਾਲ ਚੁੱਪ ਵੱਟੀ ਰੱਖੀ ਜਾਂਦੀ ਹੈ। ਜਿਸ ਦਾ ਸਮਾਜ ਨੂੰ ਅੱਗੇ ਚੱਲ ਕੇ ਨੁਕਸਾਨ ਅੱਜ ਵੀ ਹੋਇਆ ਹੈ ਤੇ ਅਗਾਂਹ ਵੀ ਹੁੰਦਾ ਹੀ ਰਹੇਗਾ।

ਅੱਜ ਪੰਜਾਬ ਦੇ ਪਿੰਡਾਂ ਚ ਸਿਆਸੀ ਧਿਰਾਂ ਦੇ ਨਾਲ ਵਿਕਾਸ ਕਾਰਜਾਂ ਤੇਜਥੇਬੰਦਕ ਢਾਂਚਿਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਤੇ ਸਮਾਜਿਕ ਸਰੋਕਾਰਾਂ ਤੇ ਲੋਕਾਂ ਦੀ ਮਾਨਸਿਕਤਾ ਤੇ ਵਿਚਾਰਧਾਰਾ ਨੂੰ ਸਮਝਦਿਆਂ ਅੱਜ ਆਮ ਲੋਕਾਂ ਦਾ ਸਮਾਜਿਕ ਧਿਰਾਂ ਤੋਂ ਉੱਠਦਾ ਵਿਸ਼ਵਾਸ ਦੇਖਦਿਆਂ ਬੁੱਧੀਜੀਵੀ ਕਮੇਟੀਆਂ ਪਿੰਡਾਂ ਚ ਬਣਾਉਣ ਦੀ ਵਿਸ਼ੇਸ਼ ਲੋੜ ਹੈ। ਅੱਜ ਵੀ ਸਾਡੇ ਕੋਲ ਸਾਡੇ ਪਿੰਡਾਂ ਵਿਚ ਬਹੁਤ ਸਾਰੇ ਉੱਘੇ ਪੜ੍ਹੇ ਲਿਖੇ ਤੇ ਸ਼ਾਂਤ ਬੈਠੇ ਵਿਦਵਾਨਾਂ ਦੀ ਕੋਈ ਘਾਟ ਨਹੀਂ, ਪਰ ਉਹ ਆਪਣੇ ਗਿਆਨ ਤੇ ਸਮਝਦਾਰੀ ਨਾਲ ਬੁਰੇ ਬਣਨ ਜਾਂ ਅੱਗੇ ਆਉਣ ਤੋਂ ਖੱਪਾਈ ਸਮਝ ਝਿਜਕਦੇ ਹਨ। ਕਿਉਂਕਿ ਜੋ ਈਰਖਾ ਤੇ ਨਿੰਦਾ ਤੇ ਮੈਂ ਮੈਂ ਵਾਲੀ ਹੈਂਕੜਬਾਜ਼ੀ ਦਾ ਵਰਤਾਰਾ ਸਮਾਜ ਵਿਚ ਚੱਲਦਾ ਹੈ ਉਸ ਕਰਕੇ ਸਮਝਦਾਰ ਦਾ ਪੱਲਾ ਵੱਟਦਾ ਹੀ ਦੇਖਿਆ ਜਾਂਦਾ ਹੈ। ਅੱਜ ਦੀ ਪੀੜ੍ਹੀ ਦੇ ਭਵਿੱਖ ਲਈ ਚੁਣੌਤੀ ਭਰੀ ਪਰਸਥਿਤੀਆਂ ਨੂੰ ਸਮਝਦਿਆਂ ਬੁਧੀਜੀਵੀਆਂ ਨੂੰ ਆਪਣੇ ਰੋਲ ਅਦਾ ਕਰਨ ਦਾ ਸਮਾਂ ਆ ਗਿਆ, ਜੋ ਪਿੰਡ ਦੀਆਂ ਮੁੱਢਲੀਆਂ ਧਿਰਾਂ ਦੀਆਂ ਮੁਢਲੀਆਂ ਧਿਰਾਂ ਨੂੰ ਜੱਥੇਬੰਦਕ ਕਰ ਸਕਦੀਆਂ ਹਨ।

ਪਿੰਡਾਂ ਚ ਕੁੱਲ ਮਿਲਾ ਕੇ ਹਰੇਕ ਪਾਸਿਉ ਕਿਸੇ ਨਾ ਕਿਸੇ ਨੂੰ ਠੇਡੇ ਠੱਪੇ ਖਾਂਦਿਆਂ ਹੀ ਸੁਣਿਆ ਦੇਖਿਆ ਜਾਂਦਾ ਹੈ। ਕਿਸ ਤਰ੍ਹਾਂ ਦੇ ਮੁੱਦੇ ਨੇ ਜਿਵੇਂ ਏਥੋਂ ਤੱਕ ਕਿ ਪਿੰਡਾਂ ਦੇ ਗੁਰਦੁਆਰਿਆਂ ਬਾਰੇ ਕਮੇਟੀ ਵਿਚ ਗੈਰ ਗੁਰਸਿੱਖਾਂ ਦੀ ਸ਼ਮੂਲੀਅਤ, ਅਯੋਗ ਧਾਰਮਿਕ ਲੀਡਰ ਤੇ ਪ੍ਰਚਾਰ ਦਾ ਮੁਕੰਮਲ ਪ੍ਰਬੰਧ ਨਾ ਹੋਣਾ ਤੇ ਪ੍ਰਬੰਧਕਾਂ ਦੀ ਸਲਾਨਾ ਚੋਣ ਅਤੇ ਘਾਟ ਦੇ ਮਸਲੇ ਵੀ ਅਜਿਹੀ ਬੁੱਧੀਜੀਵੀ ਕਮੇਟੀ ਦੇ ਸਹਿਯੋਗ ਨਾਲ ਬਿਨਾਂ ਕਿਸੇ ਸਿਆਸੀ ਦਬਾਅ ਤੇ ਵਿਤਕਰੇ ਨਾਲ ਨਜਿੱਠੇ ਜਾ ਸਕਦੇ ਹਨ। ਬੱਸ ਏਥੇ ਏਨਾਂ ਸੂਝਵਾਨ ਬੁੱਧੀਜੀਵੀ ਵਰਗ ਦੇ ਇਸ ਕਮੇਟੀ ਨਾਲ ਲਾਮਬੰਦ ਹੋ ਕੇ ਅਖੀਰ ਸਾਰੀਆਂ ਧਿਰਾਂ ਦਾ ਜਥੇਬੰਦਕ ਹੋਣਾ ਹੀ ਇਸ ਕਮੇਟੀ ਦਾ ਅੰਤ੍ਰਿਮ ਸੰਦੇਸ਼ ਪਿੰਡ ਵਾਸੀਆਂ ਦੀ ਭਲਾਈ ਲਈ ਹੋ ਸਕਦਾ। ਇਨਾਂ ਕਮੇਟੀਆਂ ਦੇ ਵਿਦਵਾਨਾਂ ਕਰਕੇ ਇਸ ਤੋਂ ਅੱਗੇ ਕੋਈ ਹੋਰ ਨਵੀਂ ਧਿਰ ਵਿਕਸਤ ਨਹੀਂ ਹੋਵੇਗੀ। ਸਭ ਵਰਗਾਂ ਨੂੰ ਜੋੜ ਕੇਦ ਨਿਰਪੱਖ ਤੇ ਮੋਨੀਟਰਿੰਗ ਹੋਣਾ ਹੀ ਇਸ ਸੁਚਾਰੂ ਬੁੱਧੀਜੀਵੀ ਕਮੇਟੀ ਦਾ ਕੰਮ ਹੋਵੇਗਾ।

ਦੋਸਤੋ ਸੁਣਨ ਲਈ ਸਾਨੂੰ ਅਚੰਭਾ ਜ਼ਰੂਰ ਹੋਵੇਗਾ ਕਿ ਸਾਡੇ ਪੰਜਾਬ ਦੇ ਪਿੰਡਾਂ ‘ਚ ਤਾਂ ਪਹਿਲਾਂ ਹੀ ਬਥੇਰੀਆਂ ਧੜੇਬੰਦੀਆਂ ਦੀ ਪ੍ਰਥਾ ਪ੍ਰਫੁੱਲਤ ਹਨ। ਏਥੇ ਇਸ ਗੱਲ ਦੀ ਖੋਜ ਨੂੰ ਹੁਲਾਰਾ ਦੇਣ ਦੀ ਲੋੜ ਹੈ ਕਿ ਬੁੱਧੀਜੀਵੀ ਵਰਕ ਕਿਹਾ ਕਿਸਨੂੰ ਜਾਂਦਾ ਹੈ। ਜਦਕਿ ਸਿਆਸੀ, ਧਾਰਮਿਕ, ਕਿਸਾਨੀ ਜੱਥੇਬੰਦੀਆਂ ਪਹਿਲਾਂ ਹੀ ਆਪੋ ਆਪਣੀਆਂ ਵਿਚਾਰਧਾਰਾ ਤੇ ਸੋਚ ਅਨੁਸਾਰ ਮੁੱਦੇ ਚੁੱਕ ਕੇ ਕੰਮ ਕਰ ਰਹੇ ਹਨ। ਦੇਖਿਆ ਜਾਵੇ ਤਾਂ ਅੱਜ ਵੀ ਏਨਾਂ ਸਭਨਾਂ ਧਿਰਾਂ ਦੇ ਹੁੰਦਿਆਂ ਵੀ ਲੋੜ ਤੋਂ ਵੱਧ ਘਰੇਲੂ ਕਲੇਸ਼ ਤੇ ਪ੍ਰਸ਼ਾਸ਼ਨਿਕ ਸੁਧਾਰ ਤੇ ਜਵਾਬਦੇਹੀਆਂ ਔਖੇਂ ਪਰੋਖੇ ਹਨ।

ਬੁੱਧੀਜੀਵੀ ਵਰਗ ਦੇ ਸੇਧਾਂ ਦੀ ਗੱਲ ਕਰੀਏ ਤਾਂ ਪਹਿਲੇ ਧੜੇ ਤੋਂ ਅਲੱਗ ਕਿਵੇਂ ਦੇ ਹੋਣ ਬਾਰੇ ਕਹਾਂਗੇ, ਕਿ ਸਿੱਧੇ ਸਿੱਧਾ ਏ ਕਹਿ ਲਵੋਂ ਆਪੋ ਆਪਣੇ ਪਿੰਡ ਚ ਰਹਿੰਦੇ ਰਿਟਾਇਰਡ ਪ੍ਰਿੰਸੀਪਲ ਜਾਂ ਮਾਸਟਰ, ਫੌਜ਼ ਦੇ ਰਿਟਾਇਰਡ ਪਰਸਨ, ਸਿੰਘ ਸਹਿਬਾਨ ਜਾਂ ਸਿੱਖ ਵਿਦਵਾਨ, ਫੂਡ ਪ੍ਰੋਸੈਸਿੰਗ ਜਾਂ ਨਵੀਂ ਫਸਲ ਤਕਨੀਕ ਅਪਨਾਉਣ ਵਾਲਾ ਅਗਾਂਹਵਧੂ ਕਿਸਾਨ ਵੀਰ, ਲੇਖਕ, ਤੇ ਪਿੰਡ ਦੀ ਪੜ੍ਹੀ ਲਿਖੀ ਪਿੰਡ ‘ਚ ਕੰਮਕਾਜੀ ਲੜਕੀ ਜਾਂ ਔਰਤ, ਮੁੱਖ ਰੂਪ ‘ਚ ਇਸ ਕਮੇਟੀ ਦੇ ਸਲਾਹਕਾਰ ਮੈਂਬਰ ਹੋਣਗੇ। ਜੋ ਏਨਾਂ ਤੇ ਵਿਸ਼ਵਾਸ ਕਰ ਲੋੜਵੰਦਾਂ ਤੇ ਕੰਮ ਕਰਨ ਅੱਗੇ ਆ ਸਕਦੇ ਹਨ।

ਬੁੱਧੀਜੀਵੀ ਕਮੇਟੀ ਜੋ ਅੱਗੇ ਚੱਲਕੇ ਕਿਵੇਂ ਪਿੰਡ ਦੇ ਸੁਧਾਰਾਂ, ਮੋਨੀਟਰਿੰਗ ਕਮੇਟੀਆਂ ਵਜੋਂ, ਪਿੰਡ ਦੀ ਨਿਆਂ ਪ੍ਰਣਾਲੀ ਦੇ ਢਾਂਚੇ ਨੂੰ ਸਮਝਣ ਤੇ ਚਲਾਉਣ, ਪਿੰਡਾਂ ਚ ਕੋਆਪਰੇਟਿਵ ਸਿਸਟਮਜ਼ ਬਹਾਲ ਕਰਨ, ਪਿੰਡਾਂ ਚ ਪਰਿਵਾਰਕ ਤੇ ਘਰੇਲੂ ਜ਼ਮੀਨਾਂ ਦੇ ਝਗੜੇ ਸਭ ਆਪਣੇ ਪੱਧਰ ‘ਤੇ ਪਿੰਡ ਪੱਧਰੀ ਬਿਨਾਂ ਥਾਣੇ, ਕਚਹਿਰੀਆਂ ਦੇ ਖਰਚੇ ਭੱਜਦੌੜ ਤੋਂ ਬਚਾ ਸਰਬਸੰਮਤੀ ਨਾਲ ਹੱਲ ਕਰਵਾਉਣ ਲਈ ਹੋਣ ਜਾਂ ਕੋਈ ਲੜਕੀ ਲੜਕੇ ਦੇ ਛੱਡ ਛਡਾਅ ਜਾਂ ਵਸਾਵੇ ਦੇ ਕੇਸ ਹੀ ਕਿਉਂ ਨਾ ਹੋਣ ਹੱਲ ਕਰਵਾਉਣ ਲਈ ਤੱਤਪਰ ਰਹਿਣਗੇ। ਬੇਸ਼ੱਕ ਪਿੰਡਾਂ ‘ਚ ਅਣਸੁਖਾਵੀਂ ਸਥਾਨ ਤੇ ਖੁੱਲ੍ਹਦੇ ਸ਼ਰਾਬ ਦੇ ਠੇਕੇ ਬੰਦ ਕਰਾਉਣ, ਪਿੰਡਾਂ ‘ਚ ਸਰਕਾਰੀ ਅਧਿਕਾਰੀਆਂ ਦੀ ਬੈਠਕ ਕਰਵਾਉਣ ਤੱਕ, ਇਹ ਕਮੇਟੀਆਂ ਇੱਥੋਂ ਤੱਕ ਕਿ ਪੰਜਾਬ ਦੇ ਪਿੰਡਾਂ ਚ ਚਲਦੇ ਵਿਕਾਸ ਕਾਰਜਾਂ ਲਈ ਵੱਖ ਵੱਖ ਮੁਲਾਜ਼ਮਾਂ ਤੇ ਵਿਭਾਗਾਂ ਦੀ ਕਾਰਗੁਜ਼ਾਰੀ ਜੋ ਉਹਨਾਂ ਦੇ ਪਿੰਡ ਪ੍ਰਤੀ ਬਣਦੀ ਨੂੰ ਵੀ ਲਗਾਤਾਰ ਸਰਗਰਮੀ ਨਾਲ ਜਵਾਬਦੇਹ ਬਣਾਉਣ ਲਈ ਉਪਰਾਲੇ ਕਰਦੇ ਰਹਿਣਗੇ। ਜੇਕਰ ਪਿੰਡਾਂ ਵਿਚ ਅਜਿਹੀ ਸਾਫ ਸੁਥਰੀ ਨਿਰਪੱਖ ਕਮੇਟੀਆਂ ਬਣ ਜਾਣਗੀਆਂ ਤਾਂ ਪਿੰਡਾਂ ‘ਚ ਵਧੇਰੇ ਸੁਧਾਰ ਦੇ ਨਾਲ ਨਾਲ ਆਪਸੀ ਕਲੇਸ਼ ਦੇ ਮੁੱਦੇ ਵੀ ਜ਼ਰੂਰ ਮੁੱਕਣਗੇ।

ਅਜਿਹੀਆਂ ਕਮੇਟੀਆਂ ਵਾਤਾਵਰਣ ਸਾਫ ਸੁਥਰਾ ਰੱਖਣ ਲਈ ਤੇ ਪੌਦਿਆਂ ਦੀ ਹਰਿਆਵਲ ਵਧਾਉਣ ਲਈ ਪਿੰਡਾਂ ਦੇ ਆਲੇ ਦੁਆਲੇ ਤੇ ਖੇਤਾਂ ‘ਚ ਬੂਟਿਆ ਦੀ ਪਲਾਂਟੇਸ਼ਨ, ਜ਼ਮੀਨਾਂ ਤੇ ਖੇਤੀ ਦੀ ਉਪਜ ਦੀ ਤਰਕੀਬ ਵਾਰ ਫਸਲੀ ਵੰਡ ਅਨੁਸਾਰ ਵਿਉਂਤਬੰਦੀਆਂ ਇਨ੍ਹਾਂ ਬੁੱਧੀਜੀਵੀਆਂ ਦੀ ਕਮੇਟੀ ਵੱਲੋਂ ਵਿਚਾਰ ਅਧੀਨ ਕਿਸਾਨਾਂ ਨਾਲ ਲਿਆਉਣਗੀਆਂ।

ਪਿੰਡਾਂ ਚ ਮਿੱਟੀ ਤੇ ਮਨੁੱਖੀ ਸਿਹਤ ਸੁਧਾਰਾਂ ਦੇਸੀ ਕਿਸਮਾਂ ਤੇ ਦੇਸੀ ਪਸ਼ੂਆਂ ਦੀ ਲੁਪਤ ਹੋ ਰਹੀ ਦੇਸੀ ਗਾਵਾਂ ਦੀ ਪ੍ਰਜਾਤੀਆਂ, ਦੇਸੀ ਰੂੜੀਆਂ, ਪਿੰਡਾਂ ਚ ਸਿੱਖਿਆ ਅਧਿਆਪਕ ਲਿਆਉਣ, ਤੇ ਸਿੱਖਿਆ ਪ੍ਰਣਾਲੀ ਤੇ ਵਿਚਾਰਾਂ ਤੇ ਪਿੰਡ ‘ਚ ਖੇਤੀ ਲਾਇਬਰੇਰੀ ਬਣਾਉਣ, ਖਰਚ ਘਟਾਉਣ ਦੇ ਉਪਰਾਲੇ ਸਾਦੇ ਵਿਆਹ ਸਾਦੇ ਭੋਗ, ਨਾ ਚਿੰਤਾ ਨਾ ਰੋਗ ਦੇ ਨਾਅਰੇ ਬੁਲੰਦ ਕਰ ਸਕਦੇ ਹਨ। ਇਨ੍ਹਾਂ ਵੱਲ ਮੁੜਨ ਦੀਆਂ ਕੋਸ਼ਿਸ਼ਾਂ ਇਨ੍ਹਾਂ ਕਮੇਟੀਆਂ ਵੱਲੋਂ ਹੋਣਗੀਆਂ।

ਇੱਥੋਂ ਤੱਕ ਕਿ ਵਿਦੇਸ਼ਾਂ ਵਿਚ ਰਹਿੰਦੇ ਆਪਣੇ ਹੀ ਪਿੰਡ ਦੇ ਐਨ.ਆਰ .ਆਈ. ਲੋਕਾਂ ਵੱਲੋਂ ਵੀ ਜੇਕਰ ਕੋਈ ਪਿੰਡ ਦੇ ਸੁਚਾਰੂ ਕੰਮਾਂ ਵਿਚ ਕੋਈ ਵਿਸ਼ੇਸ਼ ਉਪਰਾਲਾ ਆਰਥਿਕ ਤੌਰ ਤੇ ਕਰਨਾ ਚਾਹੁੰਦੇ ਹੋਣ ਤਾਂ ਇਹ ਕਮੇਟੀ ਜੋ ਬਿਨਾਂ ਕਿਸੇ ਧੜੇ ਪੱਖਪਾਤੀ ਮੁਖੀ ਦੇ ਦਬਾਅ ਤੋਂ ਬਗੈਰ ਖੁੱਲ੍ਹ ਕੇ ਕੰਮ ਜਨਹਿੱਤ ਲਈ ਭਰੋਸੇ ਦੇ ਮੱਤੇ ਨਾਲ ਪੇਸ਼ ਕਰ ਸਕਦੀ ਹੈ।



(ਚੱਲਦਾ)

# ਕਣਕ ਦੀ ਸੁਚੱਜੀ ਵਾਢੀ ਲਈ ਕੰਬਾਇਨਾਂ ਦੀ ਤਿਆਰੀ

**ਅਰਸ਼ਦੀਪ ਸਿੰਘ ਅਤੇ ਅਨੂਪਦੀਕਸ਼ਿਤ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 97799-41983**

ਕਣਕ ਦੀ ਵਾਢੀ ਦੇ ਸੀਜ਼ਨ ਵਿਚ ਕੰਬਾਈਨ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਇਹ ਜ਼ਰੂਰੀ ਹੈ ਕਿ ਕੰਬਾਈਨ ਦੀ ਸਰਵਿਸ ਚੰਗੀ ਤਰ੍ਹਾਂ ਕੀਤੀ ਜਾਵੇ। ਸਰਵਿਸ ਦੌਰਾਨ ਇੰਜਣ ਦਾ ਪੁਰਾਣਾ ਤੇਲ ਕੱਢ ਕੇ ਇਸ ਵਿਚ ਸਿਫਾਰਿਸ਼ ਕੀਤਾ ਨਵਾਂ ਤੇਲ ਪਾਉ। ਤੇਲ ਫਿਲਟਰ ਵੀ ਬਦਲ ਦੇਣੇ ਚਾਹੀਦੇ ਹਨ। ਰੇਡੀਏਟਰ ਉੱਤੇ ਕੰਪ੍ਰੈਸ਼ਰ ਨਾਲ ਹਵਾ ਅੰਦਰੋਂ ਬਾਹਰ ਵੱਲ ਨੂੰ ਮਾਰੋ ਤਾਂ ਜੋ ਇਸ ਵਿਚ ਫਸੀ ਮਿੱਟੀ ਜਾਂ ਪਰਾਲੀ ਨਿਕਲ ਜਾਵੇ। ਜੇ ਕੂਲੈਂਟ ਦਾ ਰੰਗ ਜੰਗ ਵਰਗਾ ਹੋਵੇ ਤਾਂ ਰੇਡੀਏਟਰ ਨੂੰ ਖਾਲੀ ਕਰਕੇ ਇਸ ਨੂੰ ਅੰਦਰੋਂ ਚੰਗੀ ਤਰ੍ਹਾਂ ਸਾਫ ਕਰ ਦੇਣਾ ਚਾਹੀਦਾ ਹੈ। ਏਅਰ ਫਿਲਟਰ ਨੂੰ ਵੀ ਪ੍ਰੈਸ਼ਰ ਵਾਲੀ ਹਵਾ ਨਾਲ ਸਾਫ ਕਰੋ। ਜੇ ਫਿਲਟਰ ਖਰਾਬ ਹੋਵੇ ਜਾਂ ਜ਼ਿਆਦਾ ਮਿੱਟੀ ਘੱਟੇ ਨਾਲ ਭਰਿਆ ਹੋਵੇ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਹਾਈਡਰੋਲਿਕ ਸਿਸਟਮ ਦੀ ਸਰਵਿਸ ਵੀ ਸਰਵਿਸ ਮੈਨੂਅਲ ਦੇ ਹਿਸਾਬ ਨਾਲ ਕਰੋ। ਹਾਈਡਰੋਲਿਕ ਤੇਲ ਚੈੱਕ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਕੰਬਾਈਨ ਦਾ ਅਗਲਾ ਹਿੱਸਾ (ਹੈਡਰ) ਧਰਤੀ ਤੇ ਹੋਵੇ, ਦਾਣੇ ਕੱਢਣ ਵਾਲਾ ਔਗਰ ਇਕੱਠਾ ਕੀਤੀ ਹੋਵੇ ਅਤੇ ਕੰਬਾਈਨ ਸਮਤਲ ਥਾਂ ਤੇ ਖੜ੍ਹੀ ਹੋਵੇ। ਹਾਈਡਰੋਲਿਕ ਤੇਲ ਦਾ ਲੈਵਲ ਸਿਫਾਰਿਸ਼ ਕੀਤੇ ਨਿਸ਼ਾਨ ਤੇ ਹੋਣਾ ਚਾਹੀਦਾ ਹੈ। ਗੀਅਰ ਬਾਕਸ ਦਾ ਤੇਲ ਵੀ ਡਿਪਸਟਿਕ ਨਾਲ ਚੈੱਕ ਕਰਕੇ ਜੇ ਲੋੜੀਂਦਾ ਹੋਵੇ ਤਾਂ ਪਾ ਦੇਣਾ ਚਾਹੀਦਾ ਹੈ। ਕੰਬਾਈਨ ਦੇ ਬੈਰਿੰਗ ਗਰੀਸ ਕਰੋ ਅਤੇ ਹੋਰ ਜਿਹੜੇ ਪੁਰਜ਼ਿਆਂ ਦੀ ਗਰੀਸ ਹੋਣੀ ਹੈ ਓਪਰੇਟਰ ਮੈਨੂਅਲ ਦੇਖ ਕੇ ਗਰੀਸਿੰਗ ਕਰੋ। ਇਸ ਗੱਲ ਦਾ ਖਿਆਲ ਰੱਖੋ ਕਿ ਹਾਈਡਰੋਲਿਕ ਪਾਇਪਾਂ, ਫਿਟਿੰਗਾਂ ਅਤੇ ਪੰਪ ਵਿਚ ਲੀਕੇਜ ਨਾ ਹੋਵੇ। ਇਸੇ ਤਰ੍ਹਾਂ ਕੰਬਾਈਨ ਦੀਆਂ ਬੈਲਟਾਂ ਜੇ ਕਰੈਕ ਜਾਂ ਖਰਾਬ ਹੋਣ ਤਾਂ ਬਦਲ ਦੇਣੀਆਂ ਚਾਹੀਦੀਆਂ ਹਨ। ਫਸਲ ਦੀ ਕਟਾਈ ਸਮੇਂ ਦਾਣਿਆਂ ਦੇ ਘੱਟੋ-ਘੱਟ ਨੁਕਸਾਨ ਲਈ ਇਹ ਜ਼ਰੂਰੀ ਹੈ ਕਿ ਕਟਰ ਬਾਰ ਦੇ ਬਲੇਡ ਤਿੱਖੇ ਹੋਣੇ ਚਾਹੀਦੇ ਹਨ। ਕਟਰ ਬਾਰ ਵਿਚ ਕੋਈ ਵੀ ਬਲੇਡ ਜਾਂ ਗਾਰਡ ਟੁੱਟਾ ਜਾਂ ਘਸਿਆ ਹੋਵੇ ਤਾਂ ਉਸਨੂੰ ਬਦਲ ਦਿਓ। ਹੈਡਰ ਵਿਚ ਦਿੱਤੀਆਂ ਰੀਲ ਟਾਈਨਾਂ ਮੁੜੀਆਂ ਨਹੀਂ ਹੋਣੀਆਂ ਚਾਹੀਦੀਆਂ ਅਤੇ ਲੋੜ ਪੈਣ ਤੇ ਇਹਨਾਂ ਨੂੰ ਬਦਲ ਦਿਓ। ਹੈਡਰ ਨੂੰ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ ਅਤੇ ਔਗਰ ਫਿੰਗਰ ਮੁੜੀਆਂ ਨਹੀਂ ਹੋਣੀਆਂ ਚਾਹੀਦੀਆਂ। ਥਰੈਸ਼ਰ ਡਰੰਮ ਅਤੇ ਕੰਨਕੇਵ ਵੀ ਵਿੱਥ ਸਹੀ ਹੋਣੀ ਚਾਹੀਦੀ ਹੈ ਤਾਂ ਜੋ ਗਹਾਈ ਵਧੀਆ ਤਰੀਕੇ ਨਾਲ ਹੋ ਸਕੇ। ਛਾਨਣਿਆਂ ਦੀ ਸਫਾਈ ਰੱਖੋ ਤਾਂ ਜੋ ਦਾਣਿਆਂ ਦੀ ਸਫਾਈ ਸਹੀ ਢੰਗ ਨਾਲ ਹੋ ਸਕੇ। ਪੱਖੇ ਨੂੰ ਚਲਾਉਣ ਵਾਲੀ ਬੈਲਟਾਂ ਸਹੀ ਹਾਲਤਾਂ ਵਿਚ ਹੋਣੀਆਂ ਚਾਹੀਦੀਆਂ ਹਨ। ਦਾਣਿਆਂ ਵਾਲਾ ਟੈਂਕ ਸੁੱਕਾ ਅਤੇ ਸਾਫ ਰੱਖੋ।

**ਕੰਬਾਈਨ ਚਲਾਉਣ ਲੱਗਿਆਂ ਜ਼ਰੂਰੀ ਸਾਵਧਾਨੀਆਂ :**

★ ਕੰਬਾਈਨ ਡਰਾਈਵਰ ਨੂੰ ਕੰਮ ਸਮੇਂ ਢਿੱਲੇ ਕੱਪੜੇ ਨਹੀਂ ਪਾਉਣੇ ਚਾਹੀਦੇ।

★ ਚੱਲਦੇ ਪਟੇ ਜਾਂ ਬੈਲਟ ਉੱਪਰੋਂ ਨਹੀਂ ਲੰਘਣਾ ਚਾਹੀਦਾ।

★ ਚੱਲਦੀ ਕੰਬਾਈਨ ਤੇ ਚੜ੍ਹਨਾ ਜਾਂ ਉਤਰਨਾ ਨਹੀਂ ਚਾਹੀਦਾ।

★ ਕੰਬਾਈਨ ਉੱਤੇ ਸ਼ੀਲਡਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ।

★ ਕੰਬਾਈਨ ਦੇ ਅੱਗੇ ਅਤੇ ਪਿਛਲੇ ਟਾਇਰਾਂ ਵਿਚ ਹਵਾ ਦਾ ਪ੍ਰੈਸ਼ਰ ਸਹੀ ਰੱਖੋ।

# ਐਤਕੀਂ ਪੰਜਾਬ ਦੇ ਕਿਸਾਨਾਂ ਦਾ 'ਸੋਨਾ' ਚਮਕੇਗਾ

ਐਤਕੀਂ ਪੰਜਾਬ ਦਾ 'ਸੋਨਾ' ਚਮਕਣ ਦੀ ਉਮੀਦ ਜਾਪਦੀ ਹੈ ਕਿਉਂਕਿ ਪ੍ਰਾਈਵੇਟ ਵਪਾਰੀ ਸੂਬੇ 'ਚੋਂ ਕਣਕ ਖਰੀਦਣ ਲਈ ਕਾਹਲੇ ਪੈ ਗਏ ਹਨ। ਬੇਸ਼ੱਕ ਪੰਜਾਬ ਵਿਚ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਪ੍ਰੰਤੂ ਵਾਢੀ ਦਾ ਕੰਮ ਵਿਸਾਖੀ ਮਗਰੋਂ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਪਿਛਲੇ ਵਰ੍ਹਿਆਂ ਵਿਚ ਕਣਕ ਦੀ ਪ੍ਰਾਈਵੇਟ ਖਰੀਦ ਬਹੁਤੀ ਨਹੀਂ ਰਹੀਂ ਹੈ ਪਰ ਐਤਕੀਂ ਪ੍ਰਾਈਵੇਟ ਖਰੀਦ ਵਧਣ ਦੇ ਅਨੁਮਾਨ ਹਨ। ਕੇਂਦਰ ਦਾ ਅਨਾਜ ਸਟਾਕ ਵੀ ਊਣਾ ਹੋ ਗਿਆ ਹੈ।

ਪੰਜਾਬ ਵਿਚ ਕਣਕ ਦੀ 161.31 ਲੱਖ ਮੀਟਰਿਕ ਟਨ ਪੈਦਾਵਾਰ ਹੋਣ ਦੀ ਉਮੀਦ ਹੈ ਜਦੋਂ ਕਿ 132 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿਚ ਆਉਣ ਦੀ ਸੰਭਾਵਨਾ ਹੈ। ਪਿਛਲੇ ਸੀਜ਼ਨ ਵਿਚ ਪ੍ਰਾਈਵੇਟ ਵਪਾਰੀਆਂ ਨੇ 4.50 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਸੀ ਜਦੋਂ ਕਿ ਇਸ ਵਾਰ 10 ਲੱਖ ਮੀਟਰਿਕ ਟਨ ਕਣਕ ਖਰੀਦੇ ਜਾਣ ਦੀ ਮਿਲੇਗਾ। ਹਕੂਮਤਾ ਇਸ ਰੁਝਾਨ ਨੂੰ ਚੋਣਾਂ ਵਿਚ ਵਰਤਣਗੀਆਂ। ਰਾਜਪੁਰਾ ਦੇ ਕਮਿਸ਼ਨ ਏਜੰਟ ਮਹਿੰਦਰ ਕ੍ਰਿਸ਼ਨ ਚੰਦ ਅਰੋੜਾ ਨੇ ਦੱਸਿਆ ਕਿ ਕੁੱਝ ਵੱਡੀਆਂ ਫੂਡ ਪ੍ਰੋਸੈਸਿੰਗ ਕੰਪਨੀਆਂ ਨੇ ਕਪੂਰਥਲਾ, ਅੰਮ੍ਰਿਤਸਰ ਅਤੇ ਬਠਿੰਡਾ ਜ਼ਿਲ੍ਹੇ ਦੇ ਏਜੰਟਾਂ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੰਪਨੀਆਂ ਨੇ ਏਜੰਟਾਂ ਨੂੰ ਥੋਕ ਵਿਚ ਕਣਕ ਖਰੀਦਣ ਲਈ ਕਿਹਾ ਹੈ। ਉਨ੍ਹਾਂ ਮੁਤਾਬਕ ਕਿਸਾਨਾਂ ਨੂੰ ਕਣਕ ਤਾ 25 ਤੋਂ 30 ਰੁਪਏ ਪ੍ਰਤੀ ਕੁਇੰਟਲ ਵੱਧ ਭਾਅ ਮਿਲ ਸਕਦਾ ਹੈ। ਪੰਜਾਬ ਰੋਲਰ ਮਿੱਲਜ਼ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਨੇ ਕਿਹਾ ਕਿ ਉਹ ਇਸ ਸਾਲ ਮੰਡੀਆਂ 'ਚੋਂ ਵਧੇਰੇ ਕਣਕ ਖਰੀਦ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਜੇਕਰ ਸੂਬਾ ਸਰਕਾਰ ਪੇਂਡੂ ਵਿਕਾਸ ਫੰਡ ਅਤੇ ਮਾਰਕੀਟ ਫੀਸ ਨੂੰ ਦੂਸਰੇ ਸੂਬਿਆਂ ਦੇ ਬਰਾਬਰ ਵੀ ਕਰ ਦੇਵੇ ਤਾਂ ਪ੍ਰਾਈਵੇਟ ਕੰਪਨੀਆਂ ਖਰੀਦ ਵਿਚ ਹੋਰ ਉਤਸ਼ਾਹ ਦਿਖਾਉਣਗੀਆਂ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀ ਓਪਨ ਮਾਰਕੀਟ ਸੇਲ ਸਕੀਮ ਤਹਿਤ ਕਣਕ ਦੀ ਰਾਖਵੀਂ ਕੀਮਤ 2300 ਰੁਪਏ ਪ੍ਰਤੀ ਕੁਇੰਟਲ ਰੱਖੀ ਗਈ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਇਸ ਵਾਰ ਦੂਸਰੇ ਕਈ ਸੂਬਿਆਂ 'ਚੋਂ ਕਣਕ ਦੀ ਖਰੀਦ ਦਾ ਟੀਚਾ ਵੀ ਵਧਾ ਦਿੱਤਾ ਹੈ।



**ਕਣਕ ਦੀ ਖਰੀਦ ਦੇ ਇਕ ਨਜ਼ਰ**

| ਸਾਲ | ਸਰਕਾਰੀ ਖਰੀਦ (ਐੱਮ ਟੀ) | ਪ੍ਰਾਈਵੇਟ ਖਰੀਦ (ਐੱਮ ਟੀ) |
|---|---|---|
| 2023-24 | 121.16 ਲੱਖ | 4.50 ਲੱਖ |
| 2022-23 | 96.46 ਲੱਖ | 6.0 ਲੱਖ |
| 2020-21 | 121.13 ਲੱਖ | 2.90 ਲੱਖ |

ਸੰਭਾਵਨਾ ਹੈ। ਇਸ ਵਾਰ ਬੰਪਰ ਫਸਲ ਹੋਣ ਦੇ ਕਿਆਸ ਹਨ। ਸਰਦੀ ਲੰਮੀ ਚਲੀ ਜਾਣ ਕਰਕੇ ਅਤੇ ਮਾਰਚ ਦੇ ਅੰਤ ਵਿਚ ਬੇਮੌਸਮੀ ਬਰਸਾਤ ਕਾਰਨ ਵਾਢੀ ਤੋਂ ਹਫਤੇ ਪਛੜ ਸਕਦੀ ਹੈ। ਕੇਂਦਰੀ ਪੂਲ ਵਿਚ ਕਣਕ ਦਾ ਭੰਡਾਰ ਘੱਟ ਕੇ 9.7 ਮਿਲੀਅਨ ਟਨ ਹੋ ਗਿਆ ਹੈ।

ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਹੀ ਕਣਕ ਦਾ ਖਰੀਦ ਸੀਜ਼ਨ ਵੀ ਚੱਲੇਗਾ। ਕਣਕ ਦਾ ਸਰਕਾਰੀ ਭਾਅ 2275 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਗਿਆ ਹੈ। ਪ੍ਰੰਤੂ ਹਾਲਾਤ ਤੋਂ ਜਾਪਦਾ ਹੈ ਕਿ ਕਣਕ ਦਾ ਭਾਅ ਇਸ ਵਾਰ ਸਰਕਾਰੀ ਭਾਅ ਤੋਂ ਉੱਪਰ ਜਾਵੇਗਾ ਜਿਸ ਦਾ ਕਿਸਾਨਾਂ ਨੂੰ ਲਾਹਾ ਵਿਸ਼ਵ ਪੱਧਰ 'ਤੇ ਕਣਕ ਦੀ ਮੰਗ ਵੱਧ ਰਹੀ ਹੈ ਜਦੋਂ ਕਿ ਪੈਦਾਵਾਰ ਸਥਿਰ ਹੈ। ਪੰਜਾਬ ਵਿਚ ਕਣਕ ਹੇਠ ਕਰੀਬ 35 ਲੱਖ ਹੈਕਟੇਅਰ ਰਕਬਾ ਹੈ। ਪੰਜਾਬ ਦੇ ਖੁਰਾਕ ਤੇ ਸਪਲਾਈ ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਦੱਸਿਆ ਕਿ ਐਤਕੀ ਪ੍ਰਾਈਵੇਟ ਖਰੀਦ ਦਾ ਅੰਕੜਾ 10 ਲੱਖ ਮੀਟਰਿਕ ਟਨ ਤੱਕ ਪਹੁੰਚ ਸਕਦਾ ਹੈ ਕਿਉਂਕਿ ਫੀਲਡ ਰਿਪੋਰਟਾਂ ਤੋਂ ਪਤਾ ਚਲਦਾ ਹੈ ਕਿ ਵੱਡੀਆਂ ਫੂਡ ਕੰਪਨੀਆਂ ਮੰਡੀਆਂ ਵਿਚ ਕਮਿਸ਼ਨ ਏਜੰਟਾਂ ਤੱਕ ਪਹੁੰਚ ਕਰ ਰਹੀਆਂ ਹਨ।

